AKHAND KIRTANI JATHA (REGD.)

AKHAND KIRTANI JATHA (REGD.)

# ਆਤਮ ਰੰਗ

ਜਿਲਦ ੨੪ ਮਾਰਚ 2023 ਫੱਗਣ-ਚੇਤਰ 554-55 ਨਾਨਕਸ਼ਾਹੀ March 2023 ਅੰਕ 3


**ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥**




ਤਖਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ

**ਹਰ ਸਾਲ ਦੀ ਤਰ੍ਹਾਂ ਸਾਲਾਨਾ ਕੇਂਦਰੀ ਹੋਲਾ ਮਹੱਲਾ ਅਖੰਡ ਕੀਰਤਨ ਸਮਾਗਮ ਮਿਤੀ 05.03.2023 ਤੋਂ ਲੈ ਕੇ 09.03.2023 ਤਕ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਹਨ। 05.03.2023 ਸ਼ਾਮ 7.30 ਵਜੇ ਤੋਂ ਲੈ ਕੇ ਰਾਤ 12.00 ਵਜੇ ਤਕ ਅਖੰਡ ਕੀਰਤਨ ਸਮਾਗਮ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਣਗੇ। ਸੰਗਤਾਂ ਨੋਟ ਕਰਨ, ਦਰਸ਼ਨ ਦਿਦਾਰੇ ਬਖਸ਼ਣ ਜੀ।**


# ਜੇਲ੍ਹ ਚਿੱਠਿਆਂ ਦੀ ਲਿਖਣ ਦੀ ਇਕ ਸੌ ਇਕ ਸਾਲ ਦੀ ਸੰਪੂਰਣਤਾ



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਥ ਦੀ ਸੋਨ ਚਿੜੀ, ਜਿਨ੍ਹਾਂ ਨੇ ਰਾਜ ਮੰਦਰੀ ਜੇਲ੍ਹ ਵਿੱਚੋਂ 17 ਮਾਰਚ 1922 ਤੋਂ ਇੱਕ ਚਿੱਠੀ ਪੱਤਰ ਲਿਖਣ ਦਾ ਆਗਾਜ ਕਿਤਾ।



ਗਿਆਨੀ ਨਾਹਰ ਜੀ ਗੁਜਰਵਾਲ ਜਿਨ੍ਹਾਂ ਨੇ ਭਾਈ ਸਾਹਿਬ ਰਣਧੀਰ ਸਿੰਘ ਨੂੰ ਚਿੱਠੀਆਂ ਲਿਖਣ ਦੀ ਸ਼ੁਰੂਆਤ ਕੀਤੀ



ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

*ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।*

ਜਿਲਦ ੨੪ | ਮਾਰਚ 2023 | ਫੱਗਣ-ਚੇਤਰ 554-55 ਨਾਨਕਸ਼ਾਹੀ | March 2023 | ਅੰਕ 3

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



*ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ*

**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245, 75289-00045*
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਅਮਰਿੰਦਰ ਸਿੰਘ, ਚੰਡੀਗੜ੍ਹ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ

**ਕਾਨੂੰਨੀ ਸਲਾਹਕਾਰ**
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  – *ਭਾਈ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  – *ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਰੰਗ ਮਾਣ ਲੈਣਾ ਜੰਗ ਹੋਲਿਆਂ ਦਾ 9
  – *ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਧਰਮਰਾਇ ਦੀ ਦਰਗਾਹ 10
  – *ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਖਾਲਸਾ ਜੀ ਦਾ ਨਿਰਾਲਾਪਣ 13
  – *ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਤਿਆਗ ਕੀ ਹੈ ? 14
  – *ਡਾ. ਗੋਬਿੰਦ ਸਿੰਘ ਜੀ ਮਨਸੁਖਾਨੀ*
- ਸ੍ਰੀ ਗੁਰੂ ਦਸਮ ਪਾਤਸ਼ਾਹ ਦੀ ਖੰਡੇ ਦੀ ਫਿਲਾਸਫੀ 15
  – *ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਹੋਲੀ ਅਤੇ ਹੋਲਾ ਮਹੱਲਾ 17
  – *ਗਿਆਨੀ ਸੁਰਜੀਤ ਸਿੰਘ ਜੀ*
- ਖਾਲਸੇ ਦਾ ਹੋਲਾ 21
  – *ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸਿੰਘਾਂ ਦਾ ਹੋਲਾ 22
  – *ਸ. ਮਦਨ ਸਿੰਘ ਜੀ*
- ਸੰਗ੍ਰਾਂਦ 25
  – *ਪ੍ਰੋ. ਸਾਹਿਬ ਸਿੰਘ ਜੀ*
- ਨਵੇਕਲਾ ਹੋਲਾ 27
  – *ਪ੍ਰਿੰ. ਸੱਜਣ ਸਿੰਘ ਜੀ*
- ਅਰਦਾਸ ਕੀ ਹੈ ? 30
  – *ਡਾ. ਜਸਵੰਤ ਸਿੰਘ ਜੀ ਨੇਕੀ*
- ਅਦ੍ਰਿਸ਼ ਨੂੰ ਵਾਹਿਗੁਰੂ ਦਾ ਪ੍ਰਕਾਸ਼ ਸੱਚੇ ਸਤਿਗੁਰੂ ਦੁਆਰਾ ਹੀ 32
  – *ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਰੋਸੁ ਨ ਕੀਜੈ, ਅੰਮ੍ਰਿਤ ਪੀਜੈ 34
  – *ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ*
- ਹੋਲੀ ਕੀਨੀ ਸੰਤ ਦੇਵ 35
  – *ਡਾ. ਪਰਮਜੀਤ ਕੌਰ ਜੀ*

## ਸੰਪਾਦਕੀ...

ਹੋਲੀ ਭਾਰਤ ਦੀ ਬਹੁ-ਗਿਣਤੀ ਹਿੰਦੂਆਂ ਦਾ ਇਕ ਐਸਾ ਤਿਉਹਾਰ ਹੈ, ਜੋ ਭਾਰਤ ਦੇ ਕੋਨੇ-ਕੋਨੇ ਵਿਚ ਮਨਾਇਆ ਜਾਂਦਾ ਹੈ। ਇਸ ਦਾ ਪਿਛੋਕੜ ਭਗਤ ਪ੍ਰਹਿਲਾਦ ਅਤੇ ਉਸਦੇ ਪਿਤਾ ਹਰਨਾਖਸ਼ ਵਿਚਕਾਰ ਇਕ ਟਕਰਾਉ ਵਾਲੀ ਸਥਿਤੀ ਨਾਲ ਜੁੜਿਆ ਹੋਇਆ ਦੱਸਿਆ ਜਾਂਦਾ ਹੈ। ਪੁਰਾਨਿਕ ਕਥਾ-ਕਹਾਣੀਆਂ ਨੂੰ ਹਿੰਦੂ ਜਗਤ ਅੱਜ ਤਾਂਈਂ ਸੱਚ ਮੰਨ ਕੇ ਪੂਜਾ ਆਦਿ ਕਰਦਾ ਆਇਆ ਹੈ। ਪ੍ਰਹਿਲਾਦ ਜੀ ਰਮ-ਰਹੇ ਰਾਮ ਦੇ ਭਗਤ ਸਨ। ਪਿਤਾ ਨਾਸਤਕ ਸੀ ਅਤੇ ਉਹ ਆਪਣਾ ਨਾਮ ਸਾਰੀ ਨਗਰੀ ਵਿਚ ਜਪਾਉਣਾ ਚਾਹੁੰਦਾ ਸੀ। ਪ੍ਰਹਿਲਾਦ ਰਾਮ ਦੀ ਭਗਤੀ ਉੱਤੇ ਬਜ਼ਿਦ ਹੋਣ ਕਰਕੇ ਉਸਨੂੰ ਮਾਰ-ਮੁਕਾਉਣ ਲਈ ਉਸਦੀ ਭੂਆ ਅੱਗੇ ਆਈ। ਕਹਾਣੀ ਸੱਚੀ ਨਹੀਂ ਹੁੰਦੀ, ਪਰ ਕਿਸੇ ਇਸ ਉਪਰ ਕਿੰਤੂ ਨਹੀਂ ਕੀਤਾ। ਭੂਆ ਨੂੰ ਵਰਦਾਨ ਸੀ ਕਿ ਉਹ ਅੱਗ ਵਿਚ ਨਹੀਂ ਸੜੇਗੀ। ਪ੍ਰਹਿਲਾਦ ਬਾਲਕ ਅਵਸਥਾ ਵਿਚ ਸੀ, ਗੋਦ ਵਿਚ ਬਿਠਾ ਕੇ ਚਿਖਾ ਨੂੰ ਅੱਗ ਲਗਵਾ ਦਿੱਤੀ। ਪਤਾ ਨਹੀਂ ਵਰਦਾਨ ਕਿਉਂ ਉੱਡ ਗਿਆ। ਭੂਆ 'ਹੋਲੀਕਾ' ਮੱਚ ਗਈ, ਪ੍ਰਹਿਲਾਦ ਬਿਨਾਂ ਕਿਸੇ ਵਰਦਾਨ ਦੇ ਬਚ ਗਿਆ। ਇਉਂ ਭਗਤ ਪ੍ਰਹਿਲਾਦ ਦੀ ਪਰਮਾਤਮਾ ਨੇ ਆਪ ਹੱਥ ਦੇ ਕੇ ਰੱਖਿਆ ਕੀਤੀ। ਕਹਾਣੀ ਲੰਬੀ ਨਾ ਕਰਦੇ ਹੋਏ ਪਿਉ-ਪੁੱਤ ਦਾ ਰਾਜ-ਘਰਾਣੇ ਦਾ ਸਦੀਆਂ ਪੁਰਾਣਾ ਝਗੜਾ ਉਦੋਂ ਨਿਬੜਿਆ, ਜਦੋਂ ਹਰਨਾਖਸ਼ ਰਾਜੇ ਦੀ ਪਿਛਲੇਰੀ ਕੀਤੀ ਭਗਤੀ ਵਜੋਂ ਮਿਲੇ ਸਾਰੇ ਵਰਦਾਨਾਂ ਦੇ ਬਾਵਜੂਦ ਅਕਾਲ ਪੁਰਖ ਨੇ ਨਰਸਿੰਘ (ਅੱਧਾ ਮਨੁੱਖ ਤੇ ਅੱਧਾ ਸ਼ੇਰ) ਦਾ ਰੂਪ ਧਾਰ ਕੇ ਮਨਮੁਖ ਰਾਜੇ ਦਾ ਨਹੁੰਆਂ ਨਾਲ ਪੇਟ ਪਾੜ ਕੇ ਅੰਤ ਕੀਤਾ।

ਭਗਤੀ ਦੀ, ਨਿਰੰਕੁਸ਼ ਸ਼ਕਤੀ ਉੱਤੇ ਜਿੱਤ ਹੋਈ। ਉਦੋਂ ਦੇ ਲੋਕਾਂ ਨੇ ਅਕਾਲ ਪੁਰਖ ਦੀ ਜੈ-ਜੈਕਾਰ ਕੀਤੀ। ਪਤਾ ਨਹੀਂ, ਉਦੋਂ ਉਹਨਾਂ ਜੈ-ਜੈਕਾਰ ਕੀਤੀ ਹੋਣੀ ਹੈ, ਪਰ ਜਦੋਂ ਇਹ ਜੈ-ਜੈਕਾਰ ਦੇ ਤੌਰ-ਤਰੀਕੇ ਅੱਜ ਦੇ ਹਿੰਦੂ ਸਮਾਜ ਤਕ ਪਹੁੰਚੇ ਤਾਂ ਹੁੱਲੜ-ਬਾਜ਼ ਕਲਜੁਗੀ ਮਨੁੱਖਾਂ ਨੂੰ ਅਕਾਲ ਪੁਰਖ ਦੀ ਜੈ-ਜੈਕਾਰ ਕਰਨ ਦਾ ਕੀ ਪਤਾ, ਉਹਨਾਂ ਜੋ ਗੰਦ-ਮੰਦ ਇਕ ਦੂਜੇ 'ਤੇ ਸੁੱਟਿਆ, ਉਸ ਨੂੰ ਵੇਖ ਕੇ ਸਤਿਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਨਾਸਤਕ ਹੋਲੀਕਾ ਦਾ ਤਿਉਹਾਰ ਮਨਾਉਣ ਦੀ ਬਜਾਏ ਭਗਤ ਪ੍ਰਹਿਲਾਦ ਦੀ ਜਿੱਤ ਦੇ ਡੰਕੇ ਵਜਾਉਣ ਲਈ ਪ੍ਰੇਰਣਾ ਦਿੱਤੀ। ਸਿੱਖਾਂ ਨੇ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਕਾਲ ਪੁਰਖ ਦੇ ਗੁਰਬਾਣੀ ਦੇ ਕੀਰਤਨ ਰਾਹੀਂ ਘੁੰਮਰਾਂ ਪਾਈਆਂ।

ਭਾਈ ਨੰਦ ਲਾਲ ਜੀ ਨੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖੇਡਿਆ ਗਿਆ ਹੋਲਾ, ਆਪਣੇ ਕਾਵਕ ਅੰਦਾਜ਼ ਵਿਚ ਇਉਂ ਬਿਆਨ ਕੀਤਾ ਹੈ-

***ਗੁਲੇ ਹੋਲੀ ਬਬਾਗ਼ੇ ਦਹਰ ਬੂ ਕਰਦ।***

(ਬਸੰਤ ਰੁੱਤ ਦੇ ਖਿੜੇ ਫੁੱਲਾਂ ਨੇ ਸਾਰਾ ਬਾਗ਼ ਸੁਗੰਧੀ ਨਾਲ ਭਰ ਦਿੱਤਾ।)

***ਜ਼ਹੇ ਪਿਚਕਾਰੀਏ ਪੁਰ ਜਾਫ਼ਰਾਨੀ, ਕਿ ਹਰ ਬੇਰੰਗ ਰਾ ਖ਼ੁਸ਼ ਰੰਗੋ ਬੂ ਕਰਦ।***

(ਕੇਸਰ ਨਾਲ ਭਰੀ ਪਿਚਕਾਰੀ ਮੇਰੇ ਪ੍ਰੀਤਮ ਨੇ ਹੱਥ ਵਿਚ ਲੈ ਕੇ ਜਿਸ ਵੇਲੇ ਚਲਾਈ ਤਾਂ ਜਿਹੜੀ ਨਾਮ-ਰੰਗ ਵਿਚ ਨਹੀਂ ਸੀ ਰੰਗੇ ਹੋਏ (ਬੇਰੰਗ ਸਨ), ਉਹਨਾਂ ਨੂੰ ਭੀ ਨਾਮ-ਰੰਗ ਨਾਲ ਰੰਗ ਕੇ ਬਾਗ਼ੋ-ਬਾਗ਼ ਖੁਸ਼ਬੂ ਵਾਲਾ ਕਰ ਦਿੱਤਾ।)

***ਗੁਲਾਲ ਅਫ਼ਸ਼ਾਨੀ ਅਜ਼ ਦਸਤੇ ਮੁਬਾਰਕ, ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।***

(ਸਤਿਗੁਰਾਂ ਨੇ ਆਪਣੇ ਮੁਬਾਰਕ ਹੱਥਾਂ ਨਾਲ ਗੁਲਾਲ ਉਡਾ ਕੇ ਜ਼ਮੀਨ ਅਤੇ ਆਸਮਾਨ ਨੂੰ ਭੀ ਲਾਲ ਰੰਗ ਵਿਚ ਰੰਗ ਦਿੱਤਾ। ਇਥੇ ਇਸ਼ਾਰਾ ਹੈ "ਲਾਲ ਰੰਗ ਤਿਸ ਕਉ ਲਗਾ ਜਿਸ ਕੇ ਵਡਭਾਗਾ॥')

ਪੰਜਾਬ 'ਚ ਗਦਰ ਲਹਿਰ ਵਿਚ ਸ਼ਾਮਿਲ ਗਦਰੀਆਂ ਦੇ ਭਾਰਤੀਆਂ ਜੇਲ ਵਿਚ ਕੈਦ ਸਮੇਂ ਸਾਨੂੰ ਅੱਜ ਤੋਂ ਪੂਰੇ ਇਕ ਸੌ ਇਕ ਸਾਲ ਪਿਛੇ ਅੰਗਰੇਜਾਂ ਦੀਆਂ ਪੰਜ ਵੱਡੀਆਂ ਜੇਲ੍ਹਾਂ ਵਿਚੋਂ ਆਂਧਰਾ ਦੀ ਜੇਲ੍ਹ ਰਾਜ ਮੁੰਦਰੀ ਜਾਣਾ ਪਵੇਗਾ। ਜਿਥੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹਜਾਰੀ ਬਾਗ ਜੇਲ੍ਹ ਤੋਂ ਰਾਜ ਮੁੰਦਰੀ ਜੇਲ੍ਹ ਵਿੱਚ ਹੀ ਤਬਦੀਲ ਹੋਏ ਸਨ। ਇਸੇ ਜੇਲ੍ਹ ਵਿਚੋਂ ਹੀ ਗੁਰਮਤਿ ਬਿਬੇਕ ਪੁਸਤਕ ਦੀ ਰਚਨਾ ਕੀਤੀ ਤੇ 19 ਮਾਰਚ 1922 ਨੂੰ ਰਾਜ ਮੁੰਦਰੀ ਜੇਲ੍ਹ ਚੋਂ ਹੀ ਭਾਈ ਸਾਹਿਬ ਵਲੋਂ ਚਿੱਠੀ ਪੱਤਰ ਲਿਖਣ ਦਾ ਆਗਾਜ ਕੀਤਾ ਗਿਆ। ਮਾਰਚ 1922 ਨੂੰ ਉਨ੍ਹਾਂ ਤਿੰਨ ਚਿੱਠੀਆਂ ਅਪਣੇ ਬਹੁਤ ਹੀ ਪਿਆਰੇ ਸਾਥੀ

ਗਿਆਨੀ ਨਾਹਰ ਸਿੰਘ ਜੀ ਗੁਜਰਵਾਲ ਨੂੰ ਲਿਖੀਆਂ। ਅੱਜ ਇਸ ਘਟਨਾ ਨੂੰ ਪੂਰਾ ਇਕ ਸੌ ਇਕ ਸਾਲ ਬੀਤ ਚੁਕਾ ਹੈ। ਇਸ ਮੌਕੇ ਆਪ ਜੀ ਦਾ ਹਰਮਨ ਪਿਆਰਾ 'ਆਤਮ ਰੰਗ' ਅਪਣੇ ਅਮੀਰ ਵਿਰਸੇ ਦੀ ਵਿਰਾਸਤ ਨੂੰ ਯਾਦ ਰੱਖਦਾ ਹੋਇਆ ਆਪ ਜੀ ਦੇ ਦੁਆਰ ਉਤੇ ਦਸਤਕ ਦੇ ਰਿਹਾ ਹੈ ਜੀ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥2॥ ਅੰਗ - 135***

**ਅਰਥ**

ਚੇਤਰ (ਦੁਆਰਾ ਉਪਦੇਸ਼ ਹੈ ਜੁ) ਗੋਬਿੰਦ ਨੂੰ ਆਰਾਧਣ ਨਾਲ ਅਤਿਅੰਤ ਅਨੰਦ ਹੁੰਦਾ ਹੈ। (ਉਸ ਵਾਹਿਗੁਰੂ ਨੂੰ) ਸੰਤ ਜਨਾਂ ਨਾਲ ਮਿਲ ਕੇ ਤੇ ਰਸਨਾ ਦੁਆਰਾ ਨਾਮ ਜਪ ਕੇ ਪਾ ਸਕੀਦਾ ਹੈ। ਜਿਸ ਨੇ ਆਪਣੇ ਪ੍ਰਭੂ ਨੂੰ ਪਾ ਲਿਆ ਹੈ, ਉਹੋ (ਜੱਗ) 'ਤੇ ਆਇਆ ਗਿਣਿਆ ਜਾਂਦਾ ਹੈ। ਇਕ ਖਿਨ ਵੀ ਉਸ (ਪ੍ਰਭੂ) ਤੋਂ ਬਿਨਾਂ ਜੀਉਣਾ ਜਨਮ ਬਿਰਥਾ ਗੁਆਉਣਾ ਹੈ। (ਉਹ ਪ੍ਰਭੂ) ਜਲ ਥਲ, ਅਕਾਸ਼, ਪਤਾਲ ਤੇ ਵਣਾਂ ਵਿਚ ਪੂਰਣ ਰੀਤ ਨਾਲ ਰਮ ਰਿਹਾ ਹੈ। ਅਜਿਹਾ ਪ੍ਰਭੂ ਜੇ ਹਿਰਦੇ ਵਿਚ ਨਾ ਆਵੇ ਤਾਂ ਕਿਤਨਾ ਦੁਖ ਗਿਣਨਾ ਚਾਹੀਦਾ ਹੈ। ਜਿਨ੍ਹਾਂ ਨੇ ਉਸ ਪ੍ਰਭੂ ਨੂੰ ਜਪਿਆ ਹੈ, ਉਹ ਵੱਡੇ ਭਾਗਾਂ ਵਾਲੇ ਹਨ। (ਗੁਰੂ) ਨਾਨਕ (ਆਖਦੇ ਹਨ) ਕਿ ਮੇਰਾ ਮਨ ਹਰੀ ਜੀ ਦੇ ਦਰਸ਼ਨ ਨੂੰ ਲੋਚਦਾ ਹੈ, ਮੇਰੇ ਮਨ ਵਿਚ ਬੜੀ ਪਿਆਸ ਹੈ। ਚੇਤਰ ਰਾਹੀਂ ਜੋ ਮੈਨੂੰ ਉਸ ਪ੍ਰਭੂ ਨਾਲ ਮਿਲਾ ਦੇਵੇ, ਮੈਂ ਉਸ ਦੇ ਚਰਨੀਂ ਪੈਂਦਾ ਹਾਂ।

# ਅੰਮ੍ਰਿਤ ਛਕਣਾ ਤੇ ਅੰਮ੍ਰਿਤ ਚੱਖਣਾ

***[ਸ. ਜੋਗਿੰਦਰ ਸਿੰਘ ਜੀ]***

ਅੰਮ੍ਰਿਤ ਛਕਣਾ, ਉਸ ਜੋਤ ਨੂੰ ਪਛਾਨਣ ਲਈ ਪਹਿਲਾ ਕਦਮ ਹੈ ਅੰਮ੍ਰਿਤ ਛਕਣਾ ਬਾਹਰਮੁਖੀ ਕਿਰਿਆ ਹੈ ਅੰਮ੍ਰਿਤ ਚੱਖਣਾ ਅੰਤਰਮੁਖੀ। ਸ਼ਰਬਤ ਬਾਹਰੋਂ ਪੀਤਾ ਜਾਦਾ ਹੈ ਪਰ ਇਸ ਦਾ ਰਸ ਅੰਦਰੋਂ ਮਾਣਿਆ ਜਾਂਦਾ ਹੈ। ਜਿੱਦਾਂ ਸ਼ਰਬਤ ਪੀਤੇ ਬਿਨਾਂ ਇਸ ਦਾ ਰਸ ਨਹੀਂ ਮਾਣਿਆ ਜਾ ਸਕੀਦਾ, ਇੱਦਾਂ ਹੀ ਅੰਮ੍ਰਿਤ (ਬਾਹਰਲਾ) ਛਕੇ ਬਿਨਾਂ ਅੰਮ੍ਰਿਤ (ਅੰਦਰਲਾ) ਨਹੀਂ ਰੱਖਿਆ ਜਾ ਸਕਦਾ। ਅੰਮ੍ਰਿਤ ਚੱਖਣ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ। ਇਹੀ ਕਾਰਣ ਹੈ ਕਿ ਗੁਰੂ ਆਪਣੇ ਅਨੁਯਾਈਆਂ ਨੂੰ ਬਾਹਰਲਾ ਅੰਮ੍ਰਿਤ ਵੀ ਪਾਨ ਕਰਨ ਲਈ ਕਹਿੰਦੇ ਹਨ। ਇਹ ਵਿਧੀ ਬਦਲਵੇਂ ਰੂਪਾਂ ਵਿੱਚ ਦੂਸਰੇ ਮੱਤਾਂ 'ਚ ਵੀ ਪ੍ਰਚਲਤ ਹੈ। ਈਸਾਈਆਂ ਵਿੱਚ ਬੈਪਟਿਜ਼ਮ ਮੁਸਲਮਾਨਾਂ ਵਿੱਚ ਸੁੰਨਤ, ਹਿੰਦੂਆਂ ਵਿੱਚ ਯਗੋਪਵੀਤ ਹੈ ਤੇ ਸਿੱਖਾਂ ਵਿੱਚ ਅੰਮ੍ਰਿਤ ਛਕਣਾ।



# ਅਣਡਿੱਠੀ ਦੁਨੀਆ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*



ਪਰ ਨਾਮ-ਹੀਣੇ ਮਨਮੁਖ, ਇਨ੍ਹਾਂ ਮੁਖ-ਉਜਲ-ਟੀਕ ਵਡਿਆਈਆਂ ਤੋਂ ਖ਼ਾਲੀ ਹੀ ਰਹਿ ਜਾਂਦੇ ਹਨ। ਉਨ੍ਹਾਂ ਨੂੰ ਅੱਗੇ ਜਾ ਕੇ ਪਤਾ ਲੱਗੂ ਕਿ ਉਹ ਸਚਮੁਚ ਨਾਮ ਵਿਹੂਣ ਇਸ ਸੁਚੀ ਵਥੁ ਵਡਿਆਈ ਤੋਂ ਸੱਖਣੇ ਰਹ ਗਏ। ਉਨ੍ਹਾਂ ਦਾ ਮਨੁੱਖਾ ਜਨਮ ਐਵੇਂ ਅਕਾਰਥ ਹੀ ਗਿਆ। ਯਥਾ ਗੁਰਵਾਕ -

*ਅਗੈ ਗਇਆ ਜਾਣੀਅਹਿ ਵਿਣੁ ਨਾਵੈ ਵੇਕਾਰ॥੩॥(੪॥੬)*
*ਅੰਗ - ੧੬*

ਮਨਮੁਖਾਂ ਨੂੰ ਤਾਂ ਅੱਗੇ ਜਾ ਕੇ ਹੀ ਇਸ ਅੱਗੇ ਦਾ ਤੇ ਅੱਗੇ ਦੇ ਵਰਤਾਰੇ ਦਾ ਪਤਾ ਲਗੇਗਾ, ਪ੍ਰੰਤੂ ਪ੍ਰਤੀਤ ਵਾਲੇ ਗੁਰਮੁਖਾਂ ਨੂੰ ਇਸ ਅੱਗੇ ਦੀ ਏਥੇ ਹੀ ਖ਼ਬਰ ਤੇ ਪਤੀਜ ਹੈ। ਮਨਮੁਖਾਂ ਦੀਆਂ ਸਭ ਸਿਆਣਪਾਂ, ਚਤਰਾਈਆਂ ਏਥੇ ਹੀ ਜਲ ਜਾਣਗੀਆਂ, ਜਿਨ੍ਹਾਂ ਸਿਆਣਪਾਂ ਤੇ ਚਤਰਾਈਆਂ ਕਰਕੇ ਓਨ੍ਹਾਂ ਦੀ ਨਾਮ ਉਤੇ ਪ੍ਰਤੀਤ ਨਹੀਂ ਆਉਂਦੀ ਤੇ ਨਾ ਹੀ ਅੱਗੇ ਦੀ ਪਤੀਜ ਉਪਜਦੀ ਹੈ। ਬਸ ਉਹ ਐਥੋਂ ਖ਼ਾਲੀ ਹੱਥ ਰੋਂਦੇ ਹੀ ਉਠ ਜਾਣਗੇ ਤੇ ਅਗਲੀ ਦੁਨੀਆ ਨੂੰ ਲਦ ਜਾਣਗੇ। ਅਗਲੀ ਦਰਗਾਹ ਵਿਚ ਗਇਆਂ ਹੀ ਉਨ੍ਹਾਂ ਨੂੰ ਪਤਾ ਲਗੂ ਕਿ ਨਾਮ ਵਿਸਾਰਿਆਂ, ਅਗਲੀ ਦਰਗਾਹ ਗਇਆਂ ਉਨ੍ਹਾਂ ਨਾਲ ਕੀ ਬਣੇਗੀ ਤੇ ਓਥੇ ਕੀ ਬਣਦੀ ਹੈ। ਯਥਾ ਗੁਰਵਾਕ -

*ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ॥੯੫॥*
*ਅੰਗ - ੧੩੬੯*

*ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ॥*
*ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ॥੪॥੮॥*
*ਅੰਗ - ੧੭*

ਨਾਮ ਤੋਂ ਬਿਨਾਂ ਜਿਤਨੇ ਭੀ ਜਪ ਤਪ ਸੰਜਮੀ ਅਨਮਤਾਂ ਵਾਲੇ ਸੀਗਾਰਹਨ, ਏਨ੍ਹਾਂ ਦੁਆਰਾ ਪਿਰੀ ਪ੍ਰੀਤਮ ਦੀ ਪ੍ਰਾਪਤੀ ਨਹੀਂ ਹੁੰਦੀ। ਪਿਰ ਬਿਨੁ ਸੀਗਾਰ ਸਭ ਬਿਰਥੇ ਹਨ, ਤਿਨ੍ਹਾਂ ਦੇ ਕਰਨਹਾਰਿਆਂ ਨੂੰ ਦਰਿ ਢੋਈ ਨਹੀਂ ਮਿਲਦੀ। ਇਸ ਤਰ੍ਹਾਂ ਦਾ ਝੂਠਾ ਸੀਗਾਰ ਦਰਗਾਹ ਵਿਚ ਖੁਆਰ ਕਰਨਹਾਰਾ ਹੀ ਹੈ। ਯਥਾ ਗੁਰਵਾਕ -

*ਮੁੰਧੇ ਪਿਰ ਬਿਨੁ ਕਿਆ ਸੀਗਾਰੁ॥*
*ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ॥੧॥ਰਹਾਉ॥੫॥੧੩॥*
*ਅੰਗ - ੧੯*

ਨਾਮ ਵਿਸਾਰਨਹਾਰੇ ਅੰਧਲੇ, ਮੂਰਖ, ਗਾਵਾਰ, ਮਨਮੁਖੀਏ ਪੁਰਸ਼ ਅੰਧ ਧੁੰਦ ਗੁਬਾਰ ਵਿਚ ਹੀ ਫਿਰਦੇ ਰਹਿੰਦੇ ਹਨ, ਤਿਨ੍ਹਾਂ ਦਾ ਆਵਣ ਜਾਣ ਨਹੀਂ ਚੁਕਦਾ, ਉਹ ਮੁੜ ਮੁੜ ਜੰਮ ਜੰਮ ਤੇ ਮਰਿ ਮਰਿ ਕੇ ਜੂਨੀਆਂ ਵਿਚ ਖੁਆਰ ਹੀ"ਹੁੰਦੇ ਰਹਿੰਦੇ ਹਨ। ਯਥਾ ਗੁਰਵਾਕ -

*ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧੁ ਗੁਬਾਰੁ॥*
*ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥(੫॥੧੩)*
*ਅੰਗ - ੧੯*

ਇਸ ਗੁਰਵਾਕ ਦੁਆਰਾ ਗੁਰਮਤਿ ਦਾ ਆਵਾ ਗਵਨੀ ਮਸਲਾ ਭੀ ਸਿੱਧ ਤੇ ਤਸਲੀਮ ਹੈ। ਆਵਾਗਉਣ ਦੇ ਅਸੂਲ ਤੋਂ ਕੋਈ ਸਿਖ ਸਿਰ ਫੇਰ ਨਹੀਂ ਸਕਦਾ। ਜਨਮ ਜੋਨੀਆਂ ਵਿਚ ਭਉਣਾ ਹੀ ਪੈਂਦਾ ਹੈ ਤੇ ਛੁਟਕਾਰਾ ਗੁਰਮਤਿ ਨਾਮ ਜਪਿਆਂ ਹੀ ਹੁੰਦਾ ਹੈ, ਨਾਮ ਜਪਣ ਦੀ ਸਚੀ ਕਾਰੇ ਲਗਿਆਂ ਹੀ ਹੁੰਦਾ ਹੈ। ਨਾਮ ਦੀ ਸੱਚੀ ਕਾਰ ਕਮਾਈ, ਅਭਿਆਸ ਸੇਵਾ ਦੇ ਪ੍ਰਤਾਪ ਕਰਿ ਸਚ ਦੀ (ਸਚੇ ਵਾਹਿਗੁਰੂ ਦੀ) ਪ੍ਰਾਪਤੀ ਹੁੰਦੀ ਹੈ। ਇਹ ਵਾਹਿਗੁਰੂ ਰੂਪੀ ਸਚ ਪਦਾਰਥ ਗੁਰਮਤਿ ਦੁਆਰਾ ਹੀ ਪੱਲੇ ਪੈਂਦਾ ਹੈ, ਐਵੇਂ ਨਹੀਂ। ਜਿਸ ਦੇ ਇਹ ਪਦਾਰਥ ਪੱਲੇ ਪਿਆ ਹੈ, ਉਹ ਜੀਵਨ-ਮੁਕਤ ਹੋ ਜਾਂਦਾ ਹੈ। ਉਹ ਜਨਮ ਮਰਨ ਰਹਿਤ ਹੋ ਜਾਂਦਾ ਹੈ, ਜੂਨਾਂ ਵਿਚ ਨਹੀਂ ਪੈਂਦਾ। ਉਹ ਉਜਲ ਮੁੱਖ ਲੈ ਕੇ ਜਾਂਦਾ ਹੈ ਤੇ ਹਰਿ ਦਰਗਾਹ ਖ਼ਾਸ ਦਰ ਪਰਵਾਨੀ, ਦਰਿ ਪ੍ਰਧਾਨੀ ਸਿਰੋਪਾਉ ਸੇਤੀ ਪੈਧਾ (ਪਹਿਨਾਇਆ) ਜਾਂਦਾ ਹੈ। ਯਥਾ ਗੁਰਵਾਕ -

*ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥*
*ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ॥*
*ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ॥੪॥੧੪॥*
*ਅੰਗ - ੧੯*

ਇਹ ਗੁਰਵਾਕ ਗੁਰਮਤਿ ਦੇ ਦੋ ਅਸੂਲ ਪਰਵਾਨਦਾ ਹੈ -

(੧) ਆਵਾ ਗਉਣ ਦੇ ਮਸਲੇ ਵਾਲਾ।

(੨) ਹਰਿ ਦਰਗਹਿ ਦੀ ਸਤਤਾ ਵਾਲਾ।

ਸਤਿਗੁਰ ਦੀ ਸਚੀ ਸੇਵਾ ਸਤਿਗੁਰੂ ਦ੍ਰਿੜਾਈ ਦੀਖਸ਼ਾਈ ਭਗਤੀ ਹੈ। ਗੁਰਦੀਖਿਆ, ਗੁਰਮੰਤ੍ਰ ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰਨਾ ਮਾਨੋ ਸਤਿਗੁਰੂ ਦੀ ਸਚੀ ਸੇਵਾ ਵਿਖੇ ਤਤਪਰ ਹੋਣਾ ਹੈ। ਜੋ ਗੁਰਮੁਖ ਸਤਿਗੁਰ ਦੀ ਇਸ ਸਚੀ ਸੇਵਾ ਕਮਾਈ ਵਿਚ ਸਦਾ ਤਤਪਰ ਰਹਿੰਦਾ ਹੈ, ਤਿਸੁ ਵਿਟਹੁ ਸਤਿਗੁਰੂ ਸਚੇ ਪਾਤਸ਼ਾਹ ਵਾਰਨੇ ਬਲਿਹਾਰਨੇ ਜਾਂਦੇ ਹਨ। ਤਿਸ ਗੁਰਮੁਖ ਨੂੰ ਵਾਹਿਗੁਰੂ ਦੀ ਦਰਗਾਹ ਵਿਚ ਖੁੱਲ੍ਹੇ ਦਰਵਾਜ਼ੀਂ ਲੈ ਜਾਇਆ ਜਾਂਦਾ ਹੈ, ਜਿਥੇ ਲੈ ਜਾ ਕੇ ਸਚੀ ਮਾਨ-ਪਰਤਿਸ਼ਟਾ ਦਾ ਸਿਰੋਪਾਉ ਪਹਿਨਾਇਆ ਜਾਂਦਾ ਹੈ। ਧੁਰ ਦਰਗਾਹੀ ਹਜ਼ੂਰੀ ਵਿਚ ਪਹੁੰਚ ਕੇ ਮੁਖ ਨਾਮ ਨਿਵਾਸੀ ਅਭਿਆਸੀ ਜਨ ਦਾ ਨਾਮ ਵਿਚ ਹੀ ਨਿਵਾਸ ਰਹਿੰਦਾ ਹੈ। ਯਥਾ ਗੁਰਵਾਕ -

*ਸਤਿਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ॥*
*ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ॥੩॥(੫॥੧੮) ਅੰਗ - ੨੧*

ਨਾਮ ਨਿਵਾਸੀ ਪਿਆਰਿਆਂ ਨੂੰ ਇਕ ਤਿਲ ਭੀ ਜੇ ਨਾਮ ਵਿਸਰ ਜਾਏ ਤਾਂ ਤਿਨ੍ਹਾਂ ਦਾ ਮਰਨ ਹੋ ਜਾਂਦਾ ਹੈ। ਲਾਖ ਵੇਦਨ ਵੇਦਨਾਈ ਜਿੱਡਾ ਵੱਡਾ ਰੋਗ ਤਿਨ੍ਹਾਂ ਨੂੰ ਇਕ ਤਿਲ ਮਾਤਰ ਦੇ ਵਿਛੋੜੇ ਵਿਚ ਪ੍ਰਤੀਤ ਹੁੰਦਾ ਹੈ। ਤਾਂ ਤੇ ਉਹ ਨ ਜੀਉਂਦੇ ਤੇ ਨ ਹਰਿ ਦਰਗਾਹ ਪਰਵਾਨ ਹੋ ਕੇ, ਨਾਮ ਅਭਿਆਸ ਭਾਉ ਭਗਤੀ ਛਡਦੇ ਹਨ। ਜਿਨ੍ਹਾਂ ਦਾ ਐਥੇ ਓਥੇ ਦੋਹੀਂ ਥਾਵੀਂ ਨਾਮ ਅਭਿਆਸ ਨਹੀਂ ਰਹਿੰਦਾ, ਤਿਨ੍ਹਾਂ ਨੂੰ ਹਰਿ ਦਰਗਹਿ ਸਿਰਪਾਉ ਸਿਰਖਾਸੀਆਂ ਸਚੜਾ ਮਾਨ ਨਹੀਂ ਮਿਲਦਾ। ਯਥਾ ਗੁਰਵਾਕ -

*ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥*
*ਕਿਉ ਦਰਗਹ ਪਤਿ ਪਾਈਐ*
*ਜਾ ਹਰਿ ਨ ਵਸੈ ਮਨ ਮਾਹਿ॥੧॥*
*ਨਾਨਕ ਸਤਿਗੁਰੁ ਮੀਤੁ ਕਰਿ*
*ਸਚੁ ਪਾਵਹਿ ਦਰਗਹ ਜਾਇ॥੪॥੨੦॥*
*ਅੰਗ - ੨੧-੨੨*

ਸਿਧ ਹੋਇਆ ਕਿ ਸਚੀ ਦਰਗਾਹ ਹੈ। ਇਸ ਸਚੀ ਦਰਗਾਹ ਦੀ ਹੋਂਦ ਹਸਤੀ ਤੋਂ ਕੋਈ ਸਿਖ ਮਾਤਰ ਇਨਕਾਰ ਨਹੀਂ ਕਰ ਸਕਦਾ। ਇਹ ਸੱਚੀ ਦਰਗਾਹ ਪਰਲੋਕ ਵਿਚ ਹੈ ਤੇ ਏਸ ਲੋਕ ਤੋਂ ਪਰੇਡੇ ਅਗਲੇ ਲੋਕ ਵਿਚ ਹੈ। ਸੋ ਗੁਰਮਤਿ ਸਿਧਾਂਤ ਅਨੁਸਾਰ ਅੱਗਾ ਸਿੱਧ ਹੋਇਆ ਤੇ ਜ਼ਰੂਰ ਸਿਧ ਹੋਇਆ, ਪਰ ਏਸ ਸਚੀ ਦਰਗਾਹ ਦਾ ਜ਼ਹੂਰ ਸਚੇ ਸਤਿਗੁਰੂ ਨੂੰ ਮੀਤ ਸਖਾ ਬਣਾਇਆਂ ਹੀ ਹੁੰਦਾ ਹੈ। ਸਚਾ ਸਤਿਗੁਰੂ ਤਿਨ੍ਹਾਂ ਦਾ ਹੀ ਮੀਤ ਸਖਾ ਬਣਦਾ ਹੈ ਜੋ ਉਸ ਦੇ ਆਗਿਆਕਾਰੀ ਹੁਕਮ ਰਜ਼ਾਈ ਚਲਣਹਾਰੇ ਗੁਰਸਿਖ ਪਿਆਰੇ ਹਨ। ਆਗਿਆਕਾਰੀ, ਹੁਕਮ ਰਜ਼ਾਕਾਰੀ ਓਹੀ ਗੁਰਮੁਖ ਜਨ ਹਨ ਜੋ ਸੁਆਸ ਸੁਆਸ ਵਾਹਿਗੁਰੂ ਨਾਮ ਜਪਦੇ ਹਨ। ਜਿਨ੍ਹਾਂ ਨੇ ਇਸ ਬਿਧ ਸਚੇ ਸਤਿਗੁਰੂ ਨੂੰ ਆਪਣਾ ਮੀਤ ਕੀਤਾ ਹੈ ਤੇ ਸਤਿਗੁਰੂ ਦਾ ਦ੍ਰਿੜਾਇਆ ਨਾਮ ਸੁਆਸ ਸੁਆਸ ਲੀਤਾ ਹੈ, ਉਹ ਸਚੀ ਦਰਗਾਹ ਜਾਇ ਨਿਰ ਨਿਵਾਸ ਹੀ ਨਹੀਂ ਪਾਉਂਦੇ ਸਗੋਂ ਨਾਮ ਨਾਮੀ ਗੁਣਤਾਸ ਮਈ ਸਚੁ ਸਵੈ ਵਾਹਿਗੁਰੂ ਦਾ ਦਰਸ ਵਿਗਾਸ ਭੀ ਪਾਈ ਰਖਦੇ ਹਨ।

ਜਿਹੜੇ ਨਾਮ ਦੇ ਸਚੇ ਵਣਜਾਰੇ ਨਾਮ ਰੂਪੀ ਸਚੇ ਵਖਰ ਨੂੰ ਏਸ ਲੋਕ ਵਿਚ ਰਹਿੰਦੇ ਹੋਏ ਆਪਣੇ ਹਿਰਦੇ ਅੰਦਰ ਸੰਮ੍ਹਾਲੀ ਰਖਦੇ ਹਨ ਤੇ ਸਾਰੀ ਉਮਰ ਇਸ ਸਚੇ ਸੌਦੇ ਨੂੰ ਵਿਹਾਜਦੇ ਰਹਿੰਦੇ ਹਨ, ਤਿਨ੍ਹਾਂ ਦੀ ਅਗਲੀ ਦੁਨੀਆ ਵਿਚ ਜਾਣ ਸਮੇਂ ਸਚਾ ਸ਼ਾਹ ਸੁਜਾਨ ਆਪ ਸੰਭਾਲ ਕਰ ਲੈਂਦਾ ਹੈ, ਸਣੇ ਸਚੀ ਵਸਤ ਦੇ। ਸਚੇ ਸ਼ਾਹ ਦਾ ਵਸਤ ਨੂੰ ਸੰਮ੍ਹਾਲਣਾ ਕੀ ਹੈ? ਆਪਣੀ ਨਦਰ ਅੰਦਰ ਥਾਏਂ ਪਾਉਣਾ ਹੈ। ਯਥਾ ਗੁਰਵਾਕ -

*ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥*
*ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥*
*ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥੧॥(੫॥੨੩)*
*ਅੰਗ - ੨੨*

ਸਿਮਰਨ ਸੇਵਾ ਘਾਲ ਕਮਾਈ ਕੀਤੀ ਜਿਨ੍ਹਾਂ ਦੀ ਇਸ ਦੁਨੀਆ ਵਿਚ ਥਾਏ ਪੈਂਦੀ ਅਤੇ ਤੋੜ ਨਿਭਣੀ ਨਿਭਦੀ ਹੈ, ਤਿਨ੍ਹਾਂ ਨੂੰ ਸਚੜੇ ਦੀ ਸਚੀ ਦਰਗਾਹ ਵਿਚ ਬੈਠਣ ਨੂੰ ਥਾਉਂ ਮਿਲਦਾ ਹੈ। ਜਿਥੇ ਉਹ ਸਦਾ ਲਈ ਸੁਰਖ਼ਰੂ ਹੋ ਕੇ ਰੰਗ-ਰਲੀਆਂ ਮਾਣਦੇ ਤੇ ਲੁੱਡੀਆਂ ਪਾਉਂਦੇ ਹਨ। ਜਿਹਾ ਕਿ -

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥੪॥੩੩॥ ਅੰਗ - ੨੬*

**'ਚਲਦਾ'**

# ਰੰਗ ਮਾਣ ਲੈਣਾ ਜੰਗ ਹੋਲਿਆਂ ਦਾ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਚੜ੍ਹੇ ਦੂਲੜੇ ਵਿਆਹੁਣ ਸ਼ਹੀਦੀਆਂ ਨੂੰ, ਰੰਗੁ ਮਾਣ ਲੈਣਾ ਜੰਗ ਹੋਲਿਆਂ ਦਾ।
ਹੋਲਾ ਖੇਡਣਾ ਜੰਗ ਗੁਲਾਲ ਵਾਲਾ ਚੜ੍ਹਿਆ ਰੰਗੁ ਜਲਾਲ ਜਲੋਲਿਆਂ ਦਾ।
ਜਲਵੇ ਇਸ਼ਕ ਕਮਾਲ ਦੇ ਦੰਗ ਉੱਠੇ, ਝੱਲੇ ਕੌਣ ਜਮਾਲ ਜਮੇਲਿਆਂ ਦਾ।
ਜਾਮੇ ਲਾਲ ਰੰਗੀਚ ਕੇ ਗੱਚ ਹੋਏ, ਹੁਸਨ ਹੁੰਮਿ ਚੜ੍ਹਿਆ ਗਹਿਗਚੋਲਿਆਂ ਦਾ।(੧੪੮)।

ਗੂੜਾ ਗਹਿਗਚਾ ਰੰਗੁ ਚਲੂਲ ਚੜ੍ਹਿਆ, ਜੋਤਿ ਜੋਬਨੀ ਰੂਪ ਯੁਵਨੋਲਿਆਂ ਦਾ।
ਨੂਰ ਨੁੱਚੜੇ ਸੁੱਚੜੇ ਸੂਰਨ ਰੂਪੋਂ, ਹੋਇਆ ਰੰਗੁ ਸੱਚਾ ਜ਼ਰੂਰਦੀ ਚੋਲਿਆਂ ਦਾ।
ਸੋਹੈ ਚੋਲੜਾ ਲਾਲ ਤਨਿ ਲਾੜਿਆਂ ਦੇ, ਮਾਨ ਮਲਿਆ ਕਾਨ੍ਹ ਕ੍ਰਿਸ਼ਨੋਲਿਆਂ ਦਾ।
ਏਨ੍ਹਾਂ ਲਾਲੀਆਂ ਜੋਤਿ ਜਲਾਲੀਆਂ ਦੀ, ਝੱਲੇ ਝਾਲ ਕੇ ਮਰਦ ਮਰਦੋਲਿਆਂ ਦਾ।੧੪੯।

ਲਸ਼ਕੇ ਬਿਜਲ ਕਟਾਰੜੇ ਦੂਲਿਆਂ ਦੇ, ਹੋਇਆ ਮੂਰਛਤ ਦਲੁ ਦੁਲਹਨੋਲਿਆਂ ਦਾ।
ਲਸ਼ਕਰ ਦੂਲਿਆਂ ਦੇ ਉਮੜਾਇ ਉੱਠੇ, ਮੱਚ ਗਿਆ ਤਰਥੱਲ ਤਰਥੋਲਿਆਂ ਦਾ।
ਉੜਦੂ ਉਠਿਆ ਕੰਬ ਗਈ ਧਰਤਿ ਸਾਰੀ, ਆਸਣ ਹਿਲ ਗਇਆ ਇੰਦਰੋਲਿਆਂ ਦਾ।
ਸੁਰਗ ਖੁਸਣੇ ਦਾ ਹੌਲ ਇੰਦਰੇ ਨੂੰ, ਦੁਲਿਹਾਂ ਤੁੱਛ ਬਾਂਛਲ ਸੁਰਗੱਲਿਆਂ ਦਾ।੧੫੦।

ਬਾਂਛਾ ਸੁਰਗ ਦੀ ਮੂਲ ਨ ਦੂਲਿਆਂ ਨੂੰ, ਬਿਰਥਾ ਦਹਿਲਣਾ ਸੁਰਗ-ਮੁਠੋਲਿਆਂ ਦਾ।
ਭਾਅ ਦੀ ਬਣ ਗਈ ਸੁਰਗ ਦੇ ਮੁਨਿਆਂ ਨੂੰ, ਸੁਆਰਥ ਬੁਰਾ ਚਸਕ ਸਿਰਝੋਲਿਆਂ ਦਾ।
ਹੱਡੀ ਚਸਕੜਾ ਸੁਰਗ ਦੇ ਸਿਰੜੀਆਂ ਨੂੰ, ਹਵਸ ਹਿੰਸ ਬੁਰਾ ਹਿਣਸੜੋਲਿਆਂ ਦਾ।
ਦੁਹਾਂ ਠਰਕੁ ਨਾ ਸੁਰਗ ਬਹਿਸ਼ਤ ਸੰਦਾ, ਸੱਚਾ ਪ੍ਰਿੰਮ ਸੁਆਉ ਪ੍ਰਿੰਮੇਲਿਆਂ ਦਾ।੧੫੧।

ਪਿੜ ਪ੍ਰਿੰਮ ਦੀ ਸਿਰ-ਧੜੀ ਖੇਲ ਵਾਲਾ, ਇੱਕੋ ਚਾਉ ਸੱਚਾ ਦੂਲ੍ਹੜੋਲਿਆਂ ਦਾ।
ਬਾਂਛਾ ਦੂਲੀਆਂ ਪ੍ਰੇਮ ਸ਼ਹੀਦੀਆਂ ਦੀ, ਇਹ ਦੁਲਰਾਉ ਦੂਲੇ ਸ਼ਹੀਦੋਲਿਆਂ ਦਾ।
ਵਰ ਲਿਆਵਣਾ ਦੂਲੀਆਂ ਦੁਲਹਣਾਂ ਨੂੰ ਹੁਇ ਹਬੀਬ ਮਹਿਬੂਬ ਹੁੱਬੋਲਿਆਂ ਦਾ।
ਹੁੱਬਾਂ ਉੱਠ ਰਹੀਆਂ ਹਾਲ ਖੇਡਣੇ ਨੂੰ, ਲੱਥਾ ਖੇਤ ਆਸ਼ਕ ਮਾਸ਼ੂਕੋਲਿਆਂ ਦਾ।੧੫੨।

*('ਜੋਤਿ ਵਿਗਾਸ' ਮਹਾਂ ਕਾਵਿ ਵਿਚੋਂ)*

# ਧਰਮਰਾਇ ਦੀ ਦਰਗਾਹ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਜਿਨ੍ਹਾਂ ਨੇ ਗੁਰਦੀਖਿਆ ਲੈ ਕੇ ਗੁਰੂ ਕੇ ਸਿਖ ਬਣ ਕੇ, ਗੁਰਮਤਿ ਨਾਮ ਨਹੀਂ ਧਿਆਇਆ, ਤਿਨ੍ਹਾਂ ਮਨਮੁਖਾਂ ਨੇ ਮਨੁੱਖਾ ਜਨਮ ਬਿਰਥਾ ਹੀ ਗਵਾਇਆ ਹੈ। ਓਨ੍ਹਾਂ ਦਾ ਅੱਗਾ ਭੀ ਬੜਾ ਦੁਖਦਾਈ ਹੋਵੇਗਾ, ਕਿਉਂਕਿ ਅਗਲੀ ਦਰਗਾਹ ਵਿਚ ਨਾਮ ਤੋਂ ਬਿਨਾਂ ਕੋਈ ਭੀ ਬੇਲੀ ਨਹੀਂ। ਜਿਨ੍ਹਾਂ ਨੇ ਐਥੇ ਨਾਮ ਨਹੀਂ ਜਪਿਆ ਤਾਂ ਅੱਗੇ ਚਲ ਕੇ ਓਹਨਾਂ ਦੀ ਸਹਾਇਤਾ ਕਿਸਨ ਕਰਨੀ ਹੈ? ਸਹਾਈ ਕੇਵਲ ਇਕ ਨਾਮ ਨੇ ਹੀ ਹੋਣਾ ਹੈ। ਅਗਲੀ ਦਰਗਾਹੇ ਛੁਡਾਉਣਹਾਰਾ ਸਦਾ ਸਹਾਈ ਇਕ ਨਾਮ ਹੀ ਹੈ, ਹੋਰ ਕੋਈ ਨਹੀਂ।

ਇਸ ਜਗ ਵਿਚ ਤਾਂ ਚਾਰ ਦਿਹਾੜੇ ਹੀ ਰਹਿਣਾ ਵਸਣਾ ਹੈ। ਜਿਥੇ ਜਾ ਕੇ ਅਗਲੀ ਦਰਗਾਹ ਮਈ ਘਰ ਵਿਚ ਰਹਿਣਾ ਵਸਣਾ ਹੈ, ਸੋ ਘਰ ਤਾਂ ਚਿੱਤ ਚੇਤੇ ਹੀ ਨਹੀਂ। ਜਿਥੇ ਜਾਣਾ ਹੈ, ਸੋ ਥਾਉਂ ਹੀ ਤਿਨ੍ਹਾਂ ਨੂੰ ਵਿਸਰਿਆ ਹੋਇਆ ਹੈ ਤੇ ਅਗੇ ਵਸਣ ਵਾਲੇ ਥਾਉਂ ਵਿਖੇ ਮਨਮੁਖਾਂ ਨੇ ਮਨ ਨਹੀਂ ਲਾਇਆ –

*ਜਿਹ ਘਰ ਮਹਿ ਤੁਧੁ ਰਹਨਾ ਬਸਨਾ ਸੋ ਘਰੁ ਚੀਤਿ ਨ ਆਇਓ॥੩॥*
*ਜਹਾ ਜਾਣਾ ਸੋ ਥਾਨੁ ਵਿਸਾਰਿਓ ਇਕ ਨਿਮਖ ਨਹੀ ਮਨੁ ਲਾਇਓ॥੫॥(੮॥੧)* *ਅੰਗ – ੧੦੧੭*

ਹਰਿ ਦਰਗਾਹੀ ਪਤਿ ਸਿਉਂ ਲੈ ਜਾਣ ਵਾਲਾ ਇਕ ਨਾਮ ਹੀ ਹੈ।ਕਲਿਜੁਗ ਅੰਦਰ ਕੇਵਲ ਕੀਰਤਨ ਹੀ ਪ੍ਰਧਾਨ ਹੈ। ਕੀਰਤਨ ਦੇ ਪਰਤਾਪ ਕਰਕੇ ਹੀ ਗੁਰਮੁਖਾਂ ਦਾ ਨਾਮ ਵਿਚ ਸਹਿਜ-ਧਿਆਨ ਲਗ ਜਾਂਦਾ ਹੈ। ਧਿਆਨ ਲਾ ਕੇ ਨਾਮ ਜਪਿਆਂ ਆਪ ਤਰਨ ਅਵਰਾਂ ਨੂੰ ਨਿਸਤਾਰਨ ਵਾਲਾ ਗੁਰਮੁਖ-ਜੀਵਨ ਪਰਗਟਦਾ ਹੈ। ਯਥਾ ਗੁਰਵਾਕ –

*ਕਲਿਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥੬॥*
*ਅੰਗ – ੧੦੭੫-੭੬*

ਸਤਿਗੁਰੂ ਰੂਪੀ ਸਚੇ ਬੋਹਿਥ ਤੇ ਚੜ੍ਹਿਆਂ, ਅਰਥਾਤ ਸਤਿਗੁਰੂ ਦੇ ਸਾਜੇ ਸਚੇ ਨਾਮ-ਅੰਮ੍ਰਿਤ ਤੇ ਸਵਾਰ ਹੋਇਆਂ ਲਹਿਰਾਂ ਮਾਰਦੇ ਭਵ-ਸਾਗਰ ਵਿਚ ਡੁਬਣ ਦਾ ਖ਼ਤਰਾ ਨਹੀਂ, ਨ ਕਿਤੇ ਠਾਕ ਹੀ ਪੈਂਦੀ ਹੈ। ਨਿਰਭਉ ਹੋਏ ਸਚ-ਮਾਰਗੇ ਬੋਹਿਥ ਤੇ ਸਵਾਰ ਹੋਏ ਸਫ਼ਰ ਕਰੀ ਜਾਈਦਾ ਹੈ, ਕਿਉਂਕਿ ਬੋਹਿਥ ਦੇ ਥਾਂਘੀ-ਸਤਿਗੁਰ ਦੀ ਸਚੀ ਧੀਰਕ ਹੁੰਦੀ ਹੈ। ਥਾਂਘੀ-ਸਤਿਗੁਰ ਐਸੇ ਦਰ ਤੇ ਲੈ ਜਾ ਕੇ ਉਤਾਰਦਾ ਹੈ, ਜਿਥੇ ਅਗੇ ਜੋਤੀ ਸਰੂਪ ਵਾਹਿਗੁਰੂ, ਗੁਰੂ ਵਾਹਿਗੁਰੂ, ਪਰਤੱਖ ਸਨਮੁਖ ਦਿਦਾਰੇ ਦਿੰਦਾ ਦਿਸ ਪੈਂਦਾ ਹੈ। ਨਦਰੀ ਹੀ ਇਹ ਦਾਤ, ਦਰਗਾਹੀ ਮਾਨ ਵਾਲੀ ਪਾਈਦੀ ਹੈ।

*ਚੜਿ ਬੋਹਿਥੈ ਚਾਲਸਉ ਸਾਗਰੁ ਲਹਿਰੀ ਦੇਇ॥*
*ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ॥*
*ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ॥*
*ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ॥*
*ਅੰਗ – ੧੦੮੭*

ਗੁਰਮਤਿ ਜੁਗਤਿ ਵਿਹੂਣੇ, ਗੁਰ-ਦੀਖਿਆ ਹੀਣੇ ਜੋ ਨਿਗੁਰੇ ਮਨਮੁਖ, ਜੋਗੀ ਬਣ ਕੇ ਜਗ ਵਿਚ ਭਉਂਦੇ ਫਿਰਦੇ ਹਨ ਤੇ ਘਰ ਘਰ ਭੀਖਿਆ ਮੰਗਦੇ ਫਿਰਦੇ ਹਨ, ਓਹਨਾਂ ਤੋਂ ਜਦੋਂ ਅਗਲੀ ਦਰਗਾਹੇ ਲੇਖਾ ਮੰਗਿਆ ਜਾਸੀ, ਤਾਂ ਕਿਸ ਕਿਸ ਦਾ ਰਿਣ ਉਤਾਰਨਗੇ? ਜੈਸਾ ਕਿ ਅਗਲਾ ਗੁਰਵਾਕ ਬੁਝਾਉਂਦਾ ਹੈ –

*ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥*
*ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ॥*
*ਅੰਗ – ੧੦੮੯*

ਜਿਹੜੇ ਗੁਰਮੁਖ ਜਨ ਗੁਰਮਤਿ ਜੁਗਤ ਵੀਚਾਰ ਦੁਆਰਾ ਮਨ ਮਾਰ ਕੇ ਵਾਹਿਗੁਰੂ ਦਾ ਜਾਪ ਜਪਦੇ ਹਨ, ਸੇਈ ਹਰਿ

ਦਰਗਹਿ ਸਿਝਦੇ ਹਨ -

ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ॥੧੧॥

ਹੁਕਮ ਰਜਾਈ ਸਾਖਤੀਆਂ, ਗੁਰਮੁਖ ਦਿਲ-ਰਾਸੀਆਂ ਦਾ ਕਿਆ ਸੋਹਣਾ ਦ੍ਰਿਸ਼ ਅਗਲੇ ਵਾਕ ਅੰਦਰ ਦਰਸਾਇਆ ਹੈ -

*ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥*
*ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ॥*
*ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ॥*
*ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ॥੧॥(੧੨)*
***ਅੰਗ - ੧੦੯੦***

ਅਰਥਾਤ ਅਗਲੀ ਦਰਗਾਹ ਅੰਦਰ ਹੁਕਮ ਰਜ਼ਾਈ ਸਾਖਤੀ ਵਾਲਾ ਸਚੁ (ਗੁਰਮਤਿ ਨਾਮ) ਹੀ ਕਬੂਲ ਪੈਂਦਾ ਹੈ। ਇਸ ਗੁਰਮਤਿ ਨਾਮ ਤੋਂ ਵਿਹੂਣਿਆਂ ਦਾ ਸਚੇ ਸਾਹਿਬ ਦੀ ਦਰਗਾਹ ਵਿਚ ਜ਼ਰੂਰ ਲੇਖਾ ਮੰਗਿਆ ਜਾਵੇਗਾ। ਮਤ ਕੋਈ ਏਸੇ ਦੁਨੀਆ ਨੂੰ ਦੇਖ ਕੇ ਭੁਲੇ ਤੇ ਗੁਮਾਨ ਕਰੇ ਕਿ 'ਇਹ ਜਗ ਮਿੱਠਾ ਤੇ ਅਗਲਾ ਕਿਨ੍ਹ ਡਿੱਠਾ'; ਏਸ ਭਰਮ ਭੁਲਾਵੇ, ਦੁਨੀਆ ਦੀਆਂ ਮੌਜਾਂ ਮਾਨਣ ਵਿਚ ਹੀ ਮਦਹੋਸ਼ ਹੋਇਆ ਫਿਰੇ ਤੇ ਮਨ ਦੀਆਂ ਖੁਲ੍ਹੀਆਂ ਵਾਗਾਂ ਛਡ ਦੇਵੇ। ਅਜਿਹੇ ਵਿਸ਼ੇ ਵਿਕਾਰੀਆਂ ਦਾ ਦਰਗਾਹ ਵਿਚ ਲੇਖਾ ਜ਼ਰੂਰ ਹੋਵੇਗਾ। ਜਿਨ੍ਹਾਂ ਮਨ ਦੀਆਂ ਵਾਗਾਂ ਨਹੀਂ ਰੋਕੀਆਂ ਤੇ ਆਪਣੇ ਮਨ ਤੇ ਪਹਿਰਾ ਨਹੀਂ ਦਿਤਾ, ਤਿਨ੍ਹਾਂ ਨੂੰ ਦਰਗਾਹ ਵਿਚ ਸਜ਼ਾ ਜ਼ਰੂਰ ਮਿਲੇਗੀ। ਜਿਨ੍ਹਾਂ ਮਨ ਜਿਣਹਾਰੇ ਗੁਰਮੁਖਾਂ ਨੇ ਦਿਲ ਦੀ ਦਰਬਾਨੀ ਕੀਤੀ ਹੈ, ਆਪਣੇ ਦਹਿਦਿਸ ਧਾਵਣਹਾਰੇ ਮਨ ਉਤੇ ਪੱਕਾ ਪਹਿਰਾ ਦਿਤਾ ਹੈ ਅਤੇ ਦੁਨੀਆ ਤੋਂ ਨਿਵਿਰਤੀ ਵਾਲਾ, ਮਦ ਵੈਰਾਗ, ਗ੍ਰਿਹਸਤ ਉਦਾਸ, ਦਰਵੇਸ਼ੀ ਦਿਲ ਰਾਸ ਚਾਲਾ ਧਾਰਿਆ ਹੈ, ਤਿਨ੍ਹਾਂ ਨੇ ਸਚਾ ਰੱਬੀ ਇਸ਼ਕ ਮੁਹੱਬਤੀ ਜੀਵਨ ਜੀਵਿਆ ਹੈ, ਤਿਨ੍ਹਾਂ ਦਾ ਹੀ ਸਿੱਧਾ ਕਰਤੇ ਪੁਰਖ ਪ੍ਰੀਤਮ ਦੇ ਦਰ ਤੇ ਸਿੱਝਣਾ ਹੋਇਆ ਹੈ। ਕਰਤੇ ਦੇ ਦਰ-ਲੇਖੀਆਂ (ਦਰ ਤੇ ਪਰਵਾਨ ਪਇਆਂ) ਦਾ ਲੇਖਾ ਕਿਸ ਨੇ ਲੈਣਾ ਹੈ, ਕੋਈ ਨਹੀਂ ਲੈ ਸਕਦਾ। ਦਰਗਹਿ ਸਿੱਝਣ ਸੀਝਿਆਂ ਤੋਂ ਲੇਖਾ -

*ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ*
*ਤਿਨ ਕੇ ਊਜਲ ਮੁਖ ਹਰਿ ਦੁਆਰਿ॥*
*ਓਇ ਹਲਤਿ ਪਲਤਿ ਜਨ ਭਏ*
*ਸੁਹੇਲੇ ਹਰਿ ਰਾਖਿ ਲੀਏ ਰਖਨਹਾਰਿ॥੨॥ (੪॥੩)*
***ਅੰਗ - ੧੧੧੫***

ਮੁਕਤ ਪਦ ਅਭਿਆਸੀ ਜਨਾਂ ਨੂੰ ਹੀ ਮਿਲਦਾ ਹੈ। ਗੁਰਮਤਿ ਨਾਮ ਦੇ ਅਭਿਆਸੀ ਜਨਾਂ ਦੇ ਹਰਿ ਦਰਗਹਿ ਮੁਖ ਉਜਲੇ ਹੁੰਦੇ ਹਨ ਤੇ ਉਹ ਇਸ ਲੋਕ ਤੇ ਪਰਲੋਕ ਵਿਚ ਸਦਾ ਸੁਹੇਲੇ ਰਹਿੰਦੇ ਹਨ। ਰਖਣਹਾਰ ਗੁਰੂ ਕਰਤਾਰ ਉਨ੍ਹਾਂ ਦੀ ਹਰ ਬਾਬ ਰੱਖਿਆ ਕਰਦਾ ਹੈ, ਇਸ ਲੋਕ ਵਿਚ ਭੀ ਤੇ ਅਗਲੇ ਪਰਲੋਕ ਵਿਚ ਭੀ। ਸੋ ਹੋਇਆ ਨਾ ਅਗਲਾ ਲੋਕ ਜ਼ਰੂਰ।

ਨਾਮ ਨਿਧਾਨ ਦੀ ਮਿਲਖ ਜਿਨ੍ਹਾਂ ਦੇ ਭਾਗਾਂ ਵਿਚ ਲਿਖੀ ਹੈ, ਸੋਈ ਜਨ ਅਗਲੀ ਦਰਗਾਹ ਅੰਦਰ ਮਾਨ ਪਾਉਂਦੇ ਹਨ। ਸੁਖ ਸਹਿਜ ਸੇਤੀ ਅਨੰਦ ਮਗਨ ਹੋਇ ਗੁਣ ਗਾਉਣਹਾਰਿਆਂ ਨੂੰ ਅੱਗੇ (ਅਗਲੀ ਦਰਗਾਹੇ) ਚਲ ਕੇ ਖ਼ਾਸ ਥਾਉਂ ਮਿਲਦਾ ਹੈ। ਐਥੇ ਚਾਹੇ ਉਹ ਨਿਥਾਵੇਂ ਹੀ ਹੋਣ। ਗੁਰਵਾਕ -

*ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ॥*
*ਸੇ ਜਨ ਦਰਗਹ ਪਾਵਹਿ ਮਾਨੁ॥*
*ਸੂਖ ਸਹਜ ਆਨੰਦ ਗੁਣ ਗਾਉ॥*
*ਅਗੈ ਮਿਲੈ ਨਿਥਾਵੈ ਥਾਉ॥੨॥੪॥੧੬॥੨੯)*
***ਅੰਗ - ੧੧੪੩***

ਸਾਕਤ, ਮਨਮੁਖ, ਨਾਸਤਕ ਦਾ ਜਿਤਨਾ ਭੀ ਆਚਾਰ ਕਰਮ ਹੈ, ਸਭ ਝੂਠ ਹੈ। ਗੁਰ ਪੂਰੇ ਬਿਨਾਂ ਮੁਕਤੀ ਕਿਸੇ ਦੀ ਨਹੀਂ ਹੋ ਸਕਦੀ। ਸਚੀ ਦਰਗਾਹ, ਸਾਕਤ ਲੋਕ ਜਾਣੇ ਹੀ ਨਹੀਂ ਪਾਉਂਦੇ, ਠਾਕੇ ਜਾਂਦੇ ਹਨ। ਗੁਰਵਾਕ -

*ਹਰਿ ਕੇ ਨਾਮ ਬਿਨਾ ਸਭ ਝੂਠੁ॥*
*ਬਿਨੁ ਗੁਰ ਪੂਰੇ ਮੁਕਤਿ ਨ ਪਾਈਐ*
*ਸਾਚੀ ਦਰਗਹਿ ਸਾਕਤ ਮੂਠੁ॥੧॥ਰਹਾਉ॥...*
*ਅੰਤਰੁ ਮੈਲਾ ਬਾਹਰੁ ਨਿਤ ਧੋਵੈ॥*
*ਸਾਚੀ ਦਰਗਹਿ ਅਪਨੀ ਪਤਿ ਖੋਵੈ॥੨॥੪॥੪੦॥੫੩)*
***ਅੰਗ - ੧੧੫੧***

ਪਿਛਲੀਆਂ ਦੋ ਪੰਗਤੀਆਂ ਦਸਦੀਆਂ ਹਨ ਕਿ ਮੈਲ ਇਸ਼ਨਾਨੀ ਬਗਲੇ ਭਗਤਾਂ ਦੀਆਂ ਬਗਲ-ਸਮਾਧੀਆਂ ਕਿਸੇ ਲੇਖੇ ਨਹੀਂ। ਏਥੇ ਭੇਖ ਦਿਖਾਉਣ-ਹਾਰਿਆਂ ਦੇ ਜਦ ਅਗਲੀ ਦਰਗਾਹ ਵਿਚ ਪਾਜ ਖੁਲਣਗੇ ਤਾਂ ਤਿਨ੍ਹਾਂ ਦੀ ਪੋਲ-ਪਤਿ ਦੀ ਕਉਡੀ ਕੀਮਤ ਨਹੀਂ ਪੈਣੀ। ਜਿਨ੍ਹਾਂ ਨੂੰ ਸਤਿਗੁਰੂ ਨੇ ਨਾਮ ਨਿਧਾਨ ਦ੍ਰਿੜਾ ਦਿਤਾ ਹੈ ਨਿਜ ਘਰੋਂ ਦੀਖਿਆ ਦਾਨ ਦੇ ਕੇ, ਤਿਨ੍ਹਾਂ ਭਾਣੇ ਰਾਜ ਮਾਲ ਮਾਇਆ ਦਾ ਸਭ ਪਸਾਰਾ ਝੂਠਾ ਹੈ। ਇਸ ਝੂਠ-ਪਸਾਰੇ ਨੂੰ ਗ੍ਰਿਹਸਤ ਉਦਾਸੀਆਂ ਗੁਰਮੁਖ ਜਨਾਂ ਨੇ ਬਿਖ ਸਮਝ ਕੇ ਤਿਆਗ ਦਿੱਤਾ ਹੈ, ਓਸੇ ਧੰਧ ਬੰਧ ਮਾਇਆ ਨੂੰ ਲੰਭੀ ਨਰ ਲਪਟਾਇ ਰਹੇ

ਹਨ। ਐਸੇ ਲਪਟ-ਲਪਟਾਰੀਆਂ ਨਾਮ-ਬੇ-ਮੁਖਾਰੀਆਂ ਨੂੰ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ, ਕਦੇ ਨਹੀਂ ਟਲਦੀਆਂ -

*ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ॥*
*ਰਾਜੁ ਮਾਲੁ ਝੂਠੀ ਸਭ ਮਾਇਆ॥*
*ਲੋਭੀ ਨਰ ਰਹੇ ਲਪਟਾਇ॥*
*ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ॥੧੨॥*
*(੧੩॥੧॥੨) ਅੰਗ - ੧੧੫੫*

ਅੱਗੇ ਗਇਆਂ ਲੇਖਾ ਮੰਗਿਆ ਜਾਣਾ ਹੈ ਤੇ ਜ਼ਰੂਰੀ ਮੰਗਿਆ ਜਾਣਾ ਹੈ ਅਤੇ ਦਸ ਗੁਣੀ ਸਜ਼ਾ ਮਿਲੇਗੀ -

*ਅਗੇ ਲੇਖੈ ਮੰਗਿਐ ਹੋਰ ਦਸੂਣੀ ਪਾਇ॥੨॥(੮)*
*ਅੰਗ - ੧੨੪੦*

ਪਰ ਨਾਮ ਦਾ ਲੇਖਾ ਪੜ੍ਹਿਆਂ, ਅਰਥਾਤ ਗੁਰਮਤਿ ਨਾਮ ਸਾਸ ਗਿਰਾਸ ਜਪਿਆਂ ਪੂਰਬ ਕਮਾਤੇ ਸਾਰੇ ਮੰਦੇ ਲੇਖ ਮਿਟ ਜਾਂਦੇ ਹਨ ਤੇ ਅਗੇ ਨੂੰ ਕੋਈ ਮੰਦਾ ਕਰਮ ਨਹੀਂ ਹੁੰਦਾ ਤੇ ਨਾ ਹੀ ਨਵੇਂ ਸਿਰੇ ਮੰਦੇ ਲੇਖ ਲਿਖੇ ਜਾਂਦੇ ਹਨ। ਤਿਨ੍ਹਾਂ ਨੂੰ ਅਗੇ ਚਲ ਕੇ ਕੋਈ ਪੁਛ ਗਿਛ ਨਹੀਂ ਹੁੰਦੀ। ਹਰਿ ਦਰਗਾਹ ਅੰਦਰ ਉਨ੍ਹਾਂ ਨੂੰ ਸਗੋਂ ਢੋਈ ਮਿਲਦੀ ਹੈ। ਯਥਾ ਗੁਰਵਾਕ -

*ਲੇਖਾ ਪੜੀਐ ਹਰਿਨਾਮੁ ਫਿਰਿ ਲੇਖੁ ਨ ਹੋਈ॥*
*ਪੁਛਿ ਨ ਸਕੈ ਕੋਈ ਹਰਿ ਦਰਿ ਸਦ ਢੋਈ॥*
*ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ॥*
*ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ॥*
*ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ॥੨੮॥ ਅੰਗ - ੧੨੪੮*

ਇਹ ਗੁਰਵਾਕ ਏਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਿਨ੍ਹਾਂ ਨੂੰ ਹਰਿ ਦਰਗਹ ਢੋਈ ਮਿਲਦੀ ਹੈ, ਤਿਨ੍ਹਾਂ ਨੂੰ ਅੱਗੋਂ ਜਮਕਾਲ ਭੀ ਭੇਟਾ ਲੈ ਕੇ ਮਿਲਦਾ ਹੈ ਤੇ ਉਲਟਾ ਉਨ੍ਹਾਂ ਦਾ ਸੇਵਕ ਹੋ ਜਾਂਦਾ। ਪੂਰੇ ਸਤਿਗੁਰੂ ਦੀ ਬਸੀਠੀ ਦੇ ਸਦਕੇ ਤਿਨ੍ਹਾਂ ਦਾ ਸਚ-ਮਹਲੀਂ ਵਾਸਾ ਹੋ ਜਾਂਦਾ ਹੈ। ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਤਿਨ੍ਹਾਂ ਦੀ ਸੋਭਾ ਉਘੀ ਹੋ ਜਾਂਦੀ ਹੈ। ਤਿਸ ਸਚੇ ਦਰ ਮਹਲ, ਜਿਥੇ ਕਿ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ, ਅਨਹਦ ਧੁਨੀਆਂ ਦੀ ਝੁਨਕਾਰ ਉਠਦੀ ਹੈ ਤੇ ਸਦਾ ਅਨਹਦ ਵਾਜੇ ਵਜ ਰਹੇ ਹਨ।

ਉਸ ਸਚੀ ਦਰਗਾਹੇ ਮਨਮੁਖਾਂ ਸਾਕਤਾਂ ਦਾ ਲੇਖਾ ਹੁੰਦਾ ਹੈ। ਓਥੇ ਉਹ ਕੂੜਿਆਰ ਸਾਬਤ ਹੁੰਦੇ ਹਨ, ਜਿਹੜੇ ਐਥੇ ਆਪੇ ਸਚਿਆਰ ਬਣ ਬਣ ਬੈਠਦੇ ਹਨ। ਕਾਮ, ਕ੍ਰੋਧ, ਹੰਕਾਰ ਦੇ ਲਦੇ ਹੋਏ ਮਨਮੁਖ ਬੋਲ ਕੁਬੋਲੋਂ ਟਲਦੇ ਨਹੀਂ, ਮੰਦਾ ਹੀ ਚਿਤਵਦੇ ਹਨ। ਓਨ੍ਹਾਂ ਨੂੰ ਚੰਗਾ ਬੋਲ ਬੋਲਣਾ ਹੀ ਨਹੀਂ ਆਉਂਦਾ, ਚੰਗੀ ਚਿਤਵਣੀ ਉਹ ਚਿਤਵਣ ਹੀ ਨਹੀਂ ਜਾਣਦੇ। ਥਾਉਂ ਕੁਥਾਉਂ ਨਹੀਂ ਦੇਖਦੇ, ਤਿਨ੍ਹਾਂ ਦਾ ਅਗਲੀ ਦਰਗਾਹੇ ਉਪਰ ਦਸਿਆ ਹਾਲ ਹੋਣਾ ਹੈ -

*ਮਨਮੁਖ ਬੋਲਿ ਨ ਜਾਣਨੀ*
*ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥*
*ਓਇ ਥਾਉ ਕੁਥਾਉ ਨ ਜਾਣਨੀ*
*ਉਨ ਅੰਤਰਿ ਲੋਭੁ ਵਿਕਾਰੁ॥*
*ਦਰਗਹ ਲੇਖਾ ਮੰਗੀਐ*
*ਮਾਰਿ ਖੁਆਰੁ ਕੀਚਹਿ ਕੂੜਿਆਰ॥੧॥(੩੦)*
*ਅੰਗ - ੧੨੪੮*

ਮਨਮੁਖਾਂ ਨੇ ਇਸ ਲੋਕ ਵਿਚ ਸੋਈ ਅਗਿਆਨ ਅੰਧਾਰ ਤੇ ਅਵਿਦਿਆ ਵਾਲੇ ਕੰਮ ਕੀਤੇ ਹਨ, ਸੋਈ ਅਵਿੱਦਤ ਸਾਧਨ ਸਾਧੇ ਹਨ, ਜਿਨ੍ਹਾਂ ਦਾ ਪਰਲੋਕ ਵਿਚ ਭੀ ਅਪਜਸ ਹੁੰਦਾ ਹੈ, ਅਰਥਾਤ ਜਿਨ੍ਹਾਂ ਕਰਮਾਂ ਦੇ ਕਰਨ ਤੋਂ ਪਰਲੋਕ ਵਿਚ ਭੀ ਬਦਨਾਮੀ ਹੁੰਦੀ ਹੈ। ਯਥਾ ਗੁਰਵਾਕ -

*ਜਿਹਿ ਪਰਲੋਕ ਜਾਇ ਅਪਕੀਰਤਿ*
*ਸੋਈ ਅਬਿਦਿਆ ਸਾਧੀ॥੨॥ ਅੰਗ - ੧੨੫੩*

ਤਾਂ ਤੇ ਪਰਲੋਕ ਦੀ ਹੋਂਦ ਨੂੰ ਜ਼ਰੂਰ ਮੰਨਣਾ ਪਊ । ਮੁਨਕਰ ਹੋਣ ਦੀ ਕੋਈ ਗੁੰਜਾਇਸ਼ ਹੀ ਨਹੀਂ। ਮਾਇਆ ਨਾਲ ਮਨੂਰ ਹੋਏ ਮਨ ਇਹ ਅਗਿਆਨ ਵਿਸ਼ਵਾਸ ਲਈ ਬੈਠੇ ਹਨ, ਜੋ ਕੁਝ ਹੈ ਏਸ ਦੁਨੀਆ ਵਿਚ ਹੀ ਹੈ, ਏਥੇ ਹੀ ਮਾਇਆ ਦੇ ਰੰਗ ਮਾਣ ਲਓ। ਖਾਤ, ਪੀਤ, ਹਸਤ, ਬਿਹਾਇ ਲਵੋ, ਅੱਗਾ ਕੀਹਨੇ ਦੇਖਿਆ ਹੈ? ਜੇ ਅੱਗੇ ਦਾ ਉਹਨਾਂ ਨੂੰ ਫ਼ਿਕਰ ਹੋਵੇ ਤਾਂ ਏਸ ਭਵ-ਸਾਗਰ ਤੋਂ ਤਰਨ ਦਾ ਕੋਈ ਤੁਲਹਾ ਬੰਨ੍ਹਣ। ਪਰ ਇਹ ਅਗਲੇਰਾ ਗੁਰਵਾਕ ਉਨ੍ਹਾਂ ਨੂੰ ਕੈਸੀ ਸੂਝ ਸੁਝਾਵਣੀ ਕਰਾਉਂਦਾ ਹੋਇਆ ਖ਼ਬਰਦਾਰ ਕਰਦਾ ਹੈ -

*ਆਗੇ ਕਉ ਕਿਛੁ ਤੁਲਹਾ ਬਾਂਧਹੁ*
*ਕਿਆ ਭਰਵਾਸਾ ਧਨ ਕਾ॥ ਅੰਗ - ੧੨੫੩*

ਗੁਰ-ਸ਼ਬਦ ਰਤੇ ਬੈਰਾਗੀ ਜਨ ਇਸ ਮਾਇਆ ਤੋਂ ਸਦਾ ਹੀ ਉਪਰਾਮ ਰਹਿੰਦੇ ਹਨ। ਇਸ ਨੂੰ ਅਸਥਿਰ ਸਮਝ ਕੇ ਇਸ ਵਿਚ ਲਿਖਾਇਮਾਨ ਨਹੀਂ ਹੁੰਦੇ, ਸਦਾ ਅਲੇਪ ਤੇ ਤਿਆਗੀ ਬਣੇ ਰਹਿੰਦੇ ਹਨ। ਇਸ ਤੋਂ ਉਚਾਟ ਹੋ, ਉਹ ਅਨਦਿਨ ਸਦਾ ਸਦਾ ਸਾਸ ਸਾਸ ਨਾਮ ਹੀ ਧਿਆਉਂਦੇ ਰਹਿੰਦੇ ਹਨ ਤੇ ਅਗੇ ਚਲ ਕੇ ਸਚੀ ਦਰਗਾਹ ਵਿਚ ਸਚਾ ਮਾਣ

**(ਬਾਕੀ ਪੰਨਾ 16 'ਤੇ)**

# ਖਾਲਸਾ ਜੀ ਦਾ ਨਿਰਾਲਾਪਣ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਖਾਲਸਾ ਜੀ ਦਾ ਪੰਥ ਨਿਰਾਲਾ,
ਖਾਲਸਈ ਸਿੰਘਤ ਅੰਸ ਨਿਰਾਲਾ,
ਖਾਲਸਾ ਜੀ ਦਾ ਬੰਸ ਨਿਰਾਲਾ,
ਖਾਲਸਾ ਜੀ ਦੀ ਕੌਮੀਅਤ ਵਿਲੱਖਣ,
ਖਾਲਸਾ ਜੀ ਦੀ ਪੰਥੋਮੀਅਤ ਬਿਚੱਖਣ,
ਖਾਲਸਾ ਜੀ ਦਾ ਤੇਜ ਨਿਰਾਲਾ,
ਖਾਲਸਾ ਜੀ ਦਾ ਜੋਤਿ-ਰੂਪੇਜ ਨਿਰਾਲਾ,
ਖਾਲਸਾ ਜੀ ਦਾ ਵੇਸ ਨਿਰਾਲਾ,
ਭੇਸ ਨਿਰਾਲਾ,
ਆਵੇਸ਼ ਆਦੇਸ਼ ਨਿਰਾਲਾ,
ਖਾਲਸਾ ਜੀ ਦਾ ਬੋਲ-ਬਾਲਾ,
ਖਾਲਸਾ ਜੀ ਦਾ ਜੈਜੈਕਾਰ ਖਾਲਸਾਲਾ,
ਖਾਲਸਾ ਜੀ ਦਾ ਖਾਲਸੱਤ ਨਿਰਾਲਾ,
ਖਾਲਸਾ ਜੀ ਦਾ ਤੇਜ਼ ਤੱਤ ਨਿਰਾਲਾ
ਖਾਲਸਾ ਜੀ ਦਾ ਸ਼ਾਂਤ ਬੀਰੱਤ ਨਿਰਾਲਾ,
ਖਾਲਸਾ ਜੀ ਦਾ ਤੱਤ ਔਜੱਤ ਜੋਸ਼ ਨਿਰਾਲਾ,
ਖਾਲਸਾ ਜੀ ਦਾ ਹੁਸ਼ਿਆਰ ਮਸਤਹੋਸ਼ ਨਿਰਾਲਾ,
ਖਾਲਸਾ ਜੀ ਦਾ ਖਸੱਮਤ ਨਿਰਾਲਾ,
ਖਾਲਸਾ ਜੀ ਦਾ ਗੰਭੀਰੱਤ ਨਿਰਾਲਾ,
ਖਾਲਸਾ ਜੀ ਦਾ ਚੇਹਰੱਤ ਨਿਰਾਲਾ,
ਖਾਲਸਾ ਜੀ ਦਾ ਨੂਰੱਤ ਨਿਰਾਲਾ,
ਖਾਲਸਾ ਜੀ ਦਾ ਜਲਾਲ ਨਿਰਾਲਾ,
ਖਾਲਸਾ ਜੀ ਦਾ ਸੁਰੱਤ ਨਿਰਾਲਾ,
ਖਾਲਸਾ ਜੀ ਦਾ ਹੁਸ਼ਮਤ ਜਾਹੋ-ਜਬ੍ਹਾ ਨਿਰਾਲਾ,
ਖਾਲਸਾ ਜੀ ਦਾ ਪਰਤਵਾ ਨਿਰਾਲਾ,
ਖਾਲਸਾ ਜੀ ਦਾ ਸ਼ਖਸੀਅਤਵਾ ਨਿਰਾਲਾ,
ਖਾਲਸਾ ਜੀ ਦਾ ਦਬਦਬਾ ਨਿਰਾਲਾ,
ਖਾਲਸਾ ਜੀ ਦੀ ਆਨ ਸ਼ਾਨ ਨਿਰਾਲੀ,
ਖਾਲਸਾ ਜੀ ਦੀ ਰਸਬੀਰ ਧੀਰ ਨਿਰਾਲੀ,
ਖਾਲਸਾ ਜੀ ਦੀ ਸ਼ਾਂਤ ਮਤੀਰ ਨਿਰਾਲੀ,
ਖਾਲਸਾ ਜੀ ਦਾ ਉੱਚ ਮਤਾ ਨਿਰਾਲਾ,
ਖਾਲਸਾ ਜੀ ਦਾ ਮਰਣ ਗਤਾ ਨਿਰਾਲਾ,
ਖਾਲਸਾ ਜੀ ਦੀ ਮੌਜ਼ ਮਸਤੌਜ ਨਿਰਾਲੀ,
ਖਾਲਸਾ ਜੀ ਦੀ ਆਤਮ-ਅੰਜ ਨਿਰਾਲੀ,
ਖਾਲਸਾ ਜੀ ਦਾ ਜੈਕਾਰਾ ਗੱਜ-ਗਜਾਲਾ,
ਖਾਲਸਾ ਜੀ ਦਾ ਜਿਗਰਾ ਜੱਗ-ਜੱਗਾਲਾ,
ਖਾਲਸਾ ਜੀ ਦਾ ਮਸਤਕ ਦੁੱਗ-ਦਗਾਲਾ,
ਖਾਲਸਾ ਜੀ ਦਾ ਰਵਾ ਚੜ੍ਹਦੀ ਕਲਾ ਵਾਲਾ
ਖਾਲਸਾ ਜੀ ਦਾ ਚਿਹਨ-ਚੱਕਰ ਨਿਰਾਲਾ,
ਖਾਲਸਾ ਜੀ ਦਾ ਬਿਜੈ ਨਿਸ਼ਾਨ ਨਿਰਾਲਾ,
ਖਾਲਸਾ ਜੀ ਦਾ ਅਕਾਲ-ਜਜ਼ਬਾ ਨਿਰਾਲਾ,
ਖਾਲਸਾ ਜੀ ਦਾ ਅਕਾਲੀ ਨਾਅਰਾ ਨਿਰਾਲਾ,
ਖਾਲਸਾ ਜੀ ਦੀ ਗੁਫਤਾਰ ਰਫ਼ਤਾਰ ਨਿਰਾਲੀ,
ਖਾਲਸਾ ਜੀ ਦੀ ਚਾਲ ਢਾਲ ਨਿਰਾਲੀ,
ਖਾਲਸੇ ਜੀ ਦਾ ਤੌਰ ਨਿਰਾਲਾ ਤੇ ਜ਼ੋਰ ਨਿਰਾਲਾ
ਖਾਲਸੇ ਦੀ ਲਿਵ-ਧੁਨੀ ਨਿਰਾਲੀ,
ਖਾਲਸਾ ਜੀ ਦੀ ਗੂੰਜ ਗੁੰਜਾਲੀ,
ਖਾਲਸਾ ਜੀ ਦਾ ਸੀਸ ਸੁਸ਼ੋਭਤੀ
ਦੂਹਰੇ ਦਸਤਾਰੇ ਵਾਲਾ ਚੇਹਨ ਨਿਰਾਲਾ,
ਖਾਲਸਾ ਜੀ ਦੇ ਗੁਰਮੁਖੀ ਦਾੜੇ ਵਾਲਾ
ਨਵ-ਜੌਬਨੀ ਸ਼ਬਾਬ ਪੇਹਨ ਨਿਰਾਲਾ॥

ਦੁਨੀਆ ਦੀਆਂ ਸੈਂਕੜੇ ਕੌਮਾਂ ਦੀਆਂ ਸਹੰਸਰੀ ਸਫ਼ਾਂ ਵਿਚ ਖੜਾ ਇਕੋ ਇਕ ਸਿੰਘ ਖਾਲਸਾ-ਜਨ ਪਹਿਲੀ ਨਜ਼ਰ ਹੀ ਦੂਰੋਂ ਨਿਰਾਲਾ ਹੀ ਪਛਾਣਿਆ ਜਾਂਦਾ ਹੈ। ਇਸੇ ਪਰਕਾਰ ਅਨੇਕਾਂ ਕੌਮਾਂ ਦੀਆਂ ਤ੍ਰੀਮਤਾਂ ਦੀ ਕਤਾਰ ਵਿਚ ਖੜੀ ਪੁਰਾਤਨ ਭੁਝੰਗਣ ਸਿੰਘਣੀ ਦੂਰੋਂ ਹੀ ਦੇਖਣਸਾਰ ਨਿਰਾਲੀ ਪਛਾਣੀ ਜਾਂਦੀ ਸੀ। ਉਸ ਦੇ ਦਸਮ ਦੁਆਰੜੇ ਸੀਸ ਉਤੇ ਜੂੜੇ ਸਹਿਤ ਜਟਾ-ਮੁਕਟੀ ਸਜ਼ੀ ਦਸਤਾਰ ਨਿਰਾਲੀ ਕੌਮੀਅਤ ਦੀ ਪਛਾਣ, ਸੁਤੇ ਸਹਿਜ ਹੀ ਕਰਾ ਦਿੰਦੀ ਸੀ। ਇਸ ਦੀ ਹਾਮੀ ਪ੍ਰਸਿਧ ਅੰਗਰੇਜ਼ ਹਿਸਟੋਰੀਅਨ ਕਨਿੰਘਮ ਸਾਹਿਬ ਨੇ ਅਖੀਂ ਵੇਖ ਕੇ ਭਰੀ ਹੈ।

*'ਸਿੰਘਾਂ ਦਾ ਪੰਥ ਨਿਰਾਲਾ' ਟ੍ਰੈਕਟ ਵਿਚੋਂ*

# ਤਿਆਗ ਕੀ ਹੈ?

*[ਡਾ. ਗੋਬਿੰਦ ਸਿੰਘ ਜੀ ਮਨਸੁਖਾਨੀ]*

ਹਿੰਦੂ ਮਤ ਅਨੁਸਾਰ ਸੰਸਾਰ ਦਾ ਤਿਆਗ ਆਤਮਕ ਪ੍ਰਾਪਤੀ ਦੇ ਸਾਧਨਾਂ ਵਿਚੋਂ ਇਕ ਸਾਧਨ ਹੈ। ਤਾਹੀਓਂ ਉਸ ਮਤ ਦੇ ਕਈ ਜਗਿਆਸੂ ਘਰ-ਬਾਰ ਛੱਡ ਕੇ ਤਪੱਸਿਆ ਕਰਨ ਲਈ ਜੰਗਲਾਂ ਵਿਚ ਚਲੇ ਜਾਂਦੇ ਹਨ। ਸਿੱਖ ਧਰਮ ਇਸ ਰਸਤੇ ਨੂੰ ਸਵੀਕਾਰ ਨਹੀਂ ਕਰਦਾ, ਕਿਉਂਕਿ ਕਲਜੁਗ ਵਿਚ ਤਿਆਗ ਦਾ ਇਹ ਸਾਧਨ ਅਮਲ ਵਿਚ ਨਹੀਂ ਆ ਸਕਦਾ। ਜੇ ਧਰਮੀ ਪੁਰਸ਼ ਪਹਾੜਾਂ ਤੇ ਜੰਗਲਾਂ ਵਿਚ ਰਹਿਣ ਲੱਗ ਪੈਣ ਅਤੇ ਨਿਤ ਦੀਆਂ ਸਮੱਸਿਆਵਾਂ ਨੂੰ ਸੁਲਝਾਣ ਵਿਚ ਸਹਾਈ ਨਾ ਹੋਣ ਤਾਂ ਇਸ ਤਰ੍ਹਾਂ ਦੁਨੀਆ ਨੂੰ ਕੀ ਲਾਭ ਹੋਏਗਾ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿਮਾਲਾ ਪਰਬਤ ਤੇ ਰਹਿਣ ਵਾਲੇ ਸਿੱਧਾਂ ਜੋਗੀਆਂ ਦੇ ਸੰਸਾਰ-ਤਿਆਗ ਨੂੰ ਚੰਗਾ ਨਹੀਂ ਸੀ ਮੰਨਿਆ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਨਿਰਾ ਸਰੀਰ ਨੂੰ ਇਕਾਂਤ ਵਿਚ ਰੱਖਣ ਨਾਲ ਹੀ ਮਨ ਨੂੰ ਸ਼ਾਂਤੀ ਨਹੀਂ ਲਭਦੀ, ਸਗੋਂ ਇਹ ਮਨ ਤਾਂ ਸੰਸਾਰਕ ਪਦਾਰਥਾਂ ਤੇ ਦੁਨਿਆਵੀ ਰੁਚੀਆਂ ਪਿਛੇ ਹੀ ਭਟਕਦਾ ਰਹਿੰਦਾ ਹੈ।

ਗੁਰੂ ਸਾਹਿਬਾਂ ਨੇ ਗ੍ਰਹਿਸਥ ਵਿਚ ਰਹਿੰਦਿਆਂ ਹੀ ਤਿਆਗ, ਭਾਵ, 'ਗ੍ਰਹਿਸਥ ਮਾਹਿ ਉਦਾਸ' ਦੀ ਪ੍ਰੇਰਨਾ ਕੀਤੀ। ਉਨ੍ਹਾਂ ਦੱਸਿਆ ਕਿ ਲੋੜ ਤਾਂ ਹੈ ਬੁਰੀਆਂ ਇਛਾਵਾਂ ਨੂੰ ਤਿਆਗਣ ਦੀ। ਦੁਨੀਆ ਦੇ ਕੰਮ-ਕਾਰ ਛਡ ਕੇ ਇਕਾਂਤ ਵਿਚ ਜਾ ਰਹਿਣ ਦਾ ਨਾਮ ਤਿਆਗ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ –

*ਤਿਆਗਨਾ ਤਿਆਗਨੁ ਨੀਕਾ,*
*ਕਾਮੁ ਕ੍ਰੋਧੁ ਲੋਭੁ ਤਿਆਗਨਾ॥੩॥(੧੦੧੮)*

ਇਕ ਸੱਚਾ ਸਿੱਖ ਅਸਲ ਸੰਨਿਆਸੀ ਹੈ। ਉਹ ਸੰਸਾਰਕ ਪਦਾਰਥਾਂ ਵਿਚ ਵਿਚਰਦਾ ਹੋਇਆ ਉਨ੍ਹਾਂ ਤੋਂ ਨਿਰਮੋਹ ਰਹਿੰਦਾ ਹੈ। ਉਹ ਨਿਤ ਦਾ ਕਾਰ-ਵਿਹਾਰ ਕਰਦੇ ਹੋਇਆਂ ਵੀ ਸੰਸਾਰ ਦੇ ਮੋਹ ਤੋਂ ਬਚਿਆ ਰਹਿੰਦਾ ਹੈ। ਇਸ ਤਰ੍ਹਾਂ ਉਹ ਸੰਸਾਰਕ ਦੁਖਾਂ ਵੇਲੇ ਨਾ ਤਾਂ ਦਿਲਗੀਰ ਹੁੰਦਾ ਹੈ ਅਤੇ ਨਾ ਹੀ ਸੰਸਾਰਕ ਜਿੱਤਾਂ ਤੇ ਪ੍ਰਾਪਤੀਆਂ ਕਾਰਨ ਆਫਰਦਾ ਹੀ ਹੈ। ਉਹ ਦੁਨਿਆਵੀ ਤੇ ਮਾਇਕ ਪਦਾਰਥਾਂ ਦੇ ਉਤਰਾ ਚੜ੍ਹਾ ਤੋਂ ਇਸ ਤਰ੍ਹਾਂ ਨਿਰਲੇਪ ਰਹਿੰਦਾ ਹੈ ਜਿਵੇਂ ਕੰਵਲ ਫੁਲ ਪਾਣੀ ਵਿਚ ਰਹਿ ਕੇ ਪਾਣੀ ਤੋਂ ਅੱਭਿਜ ਰਹਿੰਦਾ ਹੈ।

ਸੱਚਾ ਤਿਆਗ ਤਾਂ ਮਨ ਦੀ ਰੁਚੀ ਨੂੰ ਅਟੰਕ ਰਖਣ ਵਿਚ ਹੈ। ਗੁਰਬਾਣੀ ਦਸਦੀ ਹੈ –

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*
*ਅੰਗ – ੧੩੭੬*

ਜਿਵੇਂ ਘਰ ਦੇ ਕੰਮ ਕਾਜ ਵਿਚ ਰੁਝੀ ਹੋਈ ਮਾਂ ਪੰਘੂੜੇ ਵਿਚ ਬੱਚੇ ਦਾ ਧਿਆਨ ਰਖਦੀ ਹੈ, ਇਸੇ ਤਰ੍ਹਾਂ ਹੀ ਇਕ ਸੱਚਾ ਜਗਿਆਸੂ ਵੇਖਣ ਨੂੰ ਤਾਂ ਆਪਣੇ ਕਾਰ-ਵਿਹਾਰ ਵਿਚ ਰੁਝਾ ਹੋਇਆ ਹੁੰਦਾ ਹੈ, ਪਰ ਅੰਦਰੋਂ ਨਾਮ ਵਿਚ ਮਗਨ ਰਹਿੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੱਲ ਨੂੰ ਇਉਂ ਸਪੱਸ਼ਟ ਕਰਦੇ ਹਨ –

*ਰੇ ਮਨ ਐਸੋ ਕਰਿ ਸੰਨਿਆਸਾ॥*
*ਬਨ ਸੇ ਸਦਨ ਸਬੈ ਕਰਿ ਸਮਝਹੁ,*
*ਮਨ ਹੀ ਮਾਹਿ ਉਦਾਸਾ॥੧॥ਰਹਾਉ॥*
*ਜਤ ਕੀ ਜਟਾ ਜੋਗ ਕੋ ਮਜਨੁ,*
*ਨੇਮ ਕੇ ਨਖਨ ਬਢਾਓ॥*
*ਗਯਾਨ ਗੁਰੂ ਆਤਮ ਉਪਦੇਸਹੁ,*
*ਨਾਮ ਬਿਭੂਤ ਲਗਾਓ॥੧॥*
*ਅਲਪ ਅਹਾਰ, ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ,*
*ਹ੍ਵੈਬੋ ਤ੍ਰਿਗੁਣ ਅਤੀਤਿ॥੨॥*
*ਕਾਮ ਕ੍ਰੋਧ ਹੰਕਾਰ ਲੋਭ ਹਠ,*
*ਮੋਹ ਨ ਮਨ ਸਿਉ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ,*
*ਪਰਮ ਪੁਰਖ ਕਹ ਪਾਵੈ॥੩॥੧॥*

ਸਿਖ ਧਰਮ ਅਨੁਸਾਰ ਜੀਵਨ-ਜਾਚ ਨੂੰ ਅਮਲ ਵਿਚ ਲਿਆਉਣਾ ਹੀ ਅਸਲ ਤਿਆਗ ਹੈ, ਤੇ ਉਹ ਹੈ ਨਾਮ ਜਪਣਾ ਤੇ ਮਨੁਖ-ਮਾਤਰ ਦੀ ਸੇਵਾ ਕਰਨੀ।

# ਸ੍ਰੀ ਗੁਰੂ ਦਸਮ ਪਾਤਸ਼ਾਹ ਦੀ ਖੰਡੇ ਦੀ ਫਿਲਾਸਫੀ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾਂ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ। ਜਿਨ੍ਹਾਂ ਦੀ ਆਤਮ-ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ ਅਧਿਆਸ ਤੋਂ ਰਹਿਤ ਹੋ ਚੁੱਕੀ ਹੈ, ਜਿਨ੍ਹਾਂ ਦੇ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉਚੇ ਹੋ ਚੁੱਕੇ ਹਨ, ਜੋ ਨਾਮ ਰਸਾਇਣੀ ਨਸ਼ੇ ਨਾਲ ਖੀਵੇ ਹੋ ਕੇ ਦੇਹੋਂ ਬਦੇਹ ਹੋ ਚੁੱਕੇ ਹਨ, ਜਿਨ੍ਹਾਂ ਦੀ ਅਮਲੀ ਭਗਤੀ ਕਮਾਈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ॥੨੦੪॥* *ਅੰਗ - ੧੩੭੫*

ਦੇ ਵਾਕ ਵਾਲੇ ਭਾਵ ਦੇ ਟਿਕਾਣੇ ਤੇ ਪਹੁੰਚ ਚੁੱਕੀ ਹੈ, ਜਿੰਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾ ਵਾਲਾ ਬੀਰ ਰਸ ਹਰ ਦਮ ਠਾਠਾਂ ਮਾਰ ਉਠਦਾ ਹੈ, ਉਹ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ। ਪਰ ਪਰਉਪਕਾਰ ਨਮਿਤ ਬੀਰ ਰਸ ਦੇ ਅੰਤਰਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾ ਦੁਖੀਆ ਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੁੰਦੀ ਹੋਵੇ, ਅਨਿਆਉਂ ਅੱਤਿਆਚਾਰ ਹੋ ਰਿਹਾ ਹੋਵੇ, ਓਥੇ ਜਿਸ ਦੇ ਰਿਦੰਤਰ ਦੀਨ ਰੱਖਿਆ ਤੇ ਧਰਮ-ਰੱਖਿਆ ਦੇ ਅਗੰਮੀ ਦੇ ਅਗੰਮੀ ਵਲਵਲੇ ਉਠਣ, ਪਰ ਵੈਰ ਵਿਰੋਧ ਤੇ ਕਰੋਧ ਅਹੰਕਾਰ ਦੀ ਰੰਚਕ ਮਾਤ੍ਰ ਭੀ ਇਨ੍ਹਾਂ ਵਲਵਲਿਆਂ ਵਿਚ ਨਾ ਹੋਵੇ, ਤੇ ਇਹ ਵਲਵਲੇ ਤਨ, ਮਨ, ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਨਾਉਣ ਦੀ ਤਾਰ ਬਰਕੀ ਕਲਾ ਵਰਤਾ ਦੇਣ, ਤਾਂ ਜਾਣੀਐ ਕਿ ਬੀਰ ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ। ਜਿਉਂ ਜਿਉਂ ਏਸ ਬੀਰ ਰਸ ਦੀ ਤਾਰ ਕਲਾ ਅੰਦਰ ਫਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੋਂ ਦੁਸਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁੱਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ। ਏਸ ਅਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ -

*ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ।*
*ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ।*
*ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ॥*
*ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥੨੪੯੨॥* *(ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ)*

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ। ਲੱਖਾਂ ਖੂਹਣੀਆਂ ਦੇ ਮੁਖ਼ਾਲਫ਼ ਲਸ਼ਕਰਾਂ ਦਾ ਭੈ ਨਹੀਂ। ਉਹ ਆਪ ਜੀਵਨ-ਮੁਕਤ ਹੈ ਤੇ ਜਿਨ੍ਹਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਦਾ ਹੈ, ਉਨ੍ਹਾਂ ਨੂੰ ਸ਼ਹੀਦੀ ਸ਼ਰਬਤ ਚਖਾਉਂਦਾ ਹੈ ਅਤੇ ਮੁਕਤ ਕਰਾਉਂਦਾ ਹੈ। ਓੜਕ ਆਪ ਭੀ ਸ਼ਹੀਦੀ ਮਰਤਬਾ ਪਾਉਂਦਾ ਹੈ। ਉਸ ਦੇ ਹੱਥੋਂ ਮਰਦਾ ਮਰਾਉਂਦਾ ਕੋਈ ਨਹੀਂ, ਬਲਕਿ ਹਰ ਕੋਈ ਉਸ ਦੀ ਸ੍ਰੀ ਸਾਹਿਬ ਦੀ ਭੇਟਾ ਹੋ ਕੇ ਅਮਰ ਪਦਵੀ ਪਾਉਂਦਾ ਹੈ। ਇਹੀ ਕਾਰਨ ਸੀ ਕਿ ਦੁਸ਼ਮਣ ਦੇ ਦਲ ਵਿਚੋਂ ਜਿਸ ਕਿਸੇ ਨੂੰ ਭੀ ਸ੍ਰੀ ਦਸਮੇਸ਼ ਜੀ ਦਾ ਤੀਰ ਵਿੰਨ੍ਹਦਾ ਸੀ ਉਸ ਨੂੰ ਸੁਆਦ ਆ ਜਾਂਦਾ ਸੀ, ਪੀੜ ਨਹੀਂ ਸੀ ਪ੍ਰਤੀਤ ਹੁੰਦੀ, ਸਗੋਂ ਵਾਹ ਵਾਹ ਕਰਦਾ ਹੋਇਆ ਅਮਰ ਅਨੰਦੀ ਹੋ ਜਾਂਦਾ ਸੀ, ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ

ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਖੰਡੇ ਦਾ ਸ਼ਹੀਦੀ ਰਸ ਚਖ ਕੇ ਵੈਰ ਵਿਰੋਧ ਦੀ ਅਗਨੀ ਨਾਲ ਸੜੇ ਹੋਏ ਹਿਰਦੇ ਭੀ ਸੀਤਲ ਤੇ ਸ਼ਾਂਤ ਹੋ ਜਾਂਦੇ ਸਨ।

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਉਤਰ ਗਿਆ ਹੈ, ਨਾਮ ਦਿਆਂ ਰੰਗਾਂ ਸਹਿ-ਸਿਤ ਲਾਲ ਹਸਮੁੱਖੀ ਚਿਹਰੇ ਦਾ ਸ਼ਾਂਤਮਈ ਨੂਰ ਜਿਉਂ ਦਾ ਤਿਉਂ ਦਗ ਦਗ ਕਰਦਾ ਹੈ, ਸੀਸ-ਧੜ ਦੀ ਬਾਜ਼ੀ ਸੁਰਖ਼ਰੂ ਹੋ ਚੁੱਕੇ ਬਾਬੇ ਦਾ ਸੀਸ ਬਾਬੇ ਦੇ ਖੱਬੇ ਹੱਥ ਉਪਰ ਬਿਰਾਜਮਾਨ ਹੁੰਦਾ ਹੋਇਆ ਸ਼ਹੀਦੀ ਪਿੜ ਦੇ ਖਿਡਾਰੀਆਂ ਦੇ ਹੋਲੇ ਦਾ ਨਜ਼ਾਰਾ ਵੇਖ ਵੇਖ ਵਿਗਸ ਰਿਹਾ ਹੈ, ਅਤੇ ਸੀਸ ਤੋਂ ਰਹਿਤ ਧੜ ਦਹਿਣੀ ਭੁਜਬਲ ਦੇ ਸਹਾਰੇ ਖੰਡਾ ਉਲਾਰ ਉਲਾਰ ਕੇ ਸੈਂਕੜਿਆਂ ਨੂੰ ਪਾਰ ਬੁਲਾ ਰਿਹਾ ਹੈ। ਨਹੀਂ, ਨਹੀਂ ਸ਼ਹੀਦੀ ਦਾ ਸ਼ਰਬਤ ਚਖਾ ਰਿਹਾ ਹੈ ਅਤੇ ਦੂਰ ਤੱਕ ਇਹ ਬਹਾਰ ਬੰਬੀ ਤੁਰੀ ਜਾ ਰਹੀ ਹੈ, ਜਿਸ ਦਾ ਸਾਰ ਇਹ ਨਿਕਲਦਾ ਹੈ ਕਿ ਟਿੱਡੀ ਦਲ ਮੰਤਰੂ ਦੀ ਫ਼ੌਜ ਇੱਕ ਆਨ ਵਿੱਚ ਖੇਰੂੰ ਖੇਰੂੰ ਹੋ ਜਾਂਦੀ ਹੈ। ਇਸ ਦੀ ਗਵਾਹੀ ਇਤਿਹਾਸ ਦੇ ਰਿਹਾ ਹੈ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਮ ਜੁੱਗਾ ਪ੍ਰਯੰਤ ਦੁਨੀਆ ਉਪਰ ਕਾਇਮ ਰਹੇਗਾ। ਇਹ ਗੁਰੂ ਘਰ ਦੇ ਪਰਉਪਕਾਰ ਦੇ ਪੁਤਲਿਆਂ ਦੀ ਸੂਰਬੀਰਤਾ ਦਾ ਇੱਕੋ ਵੰਨਗੀ ਪੂਰਬਕ ਉਦਾਹਰਣ, ਬੀਰ ਰਸੀ ਪਰਉਪਕਾਰ ਦੀ ਸ਼ਾਂਤ ਕਲਾ ਵਾਲੀ ਬਿਵਸਥਾ ਬਨਾਵਣ ਲਈ ਕਾਫ਼ੀ ਤੋਂ ਭੀ ਵਧੀਕ ਹੈ। ਇਹ ਆਦਰਸ਼ ਹੈ ਬੀਰ ਰਸ ਤੋ ਸ਼ਾਂਤ ਰਸ ਸੰਯੁਕਤੀ ਗੁਰਮਤਿ ਉਪਕਾਰ ਦਾ। ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਕੇਵਲ ਦੋਹੇਂ ਬਿਦੇਹ ਹੋ ਕੇ ਸੀਸ ਤਲੀ ਤੇ ਰੱਖਣ ਵਾਲੇ ਅਤੁੱਟ ਲਿਵਤਾਰ ਦੇ ਧਨੀ ਗੁਰਮੁਖ ਪਿਆਰੇ ਹੀ ਪਰਉਪਕਾਰੀ, ਬੀਰ ਰਸੀਏ ਬਿਬੇਕੀ ਜਨ ਬਣ ਸਕਦੇ ਹਨ, ਜਿਨ੍ਹਾਂ ਦੀ ਲਿਵ ਐਨੀ ਪੱਕ ਚੁੱਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਟੁੱਟੇ ਅਤੇ ਨੂਰੀ ਮੱਥੇ ਦਾ ਖਿੜਾਉ ਅੰਤ੍ਰੀਵ ਸ਼ਾਂਤ ਰਸ ਜਿਉਂ ਦਾ ਤਿਉਂ ਬਣਿਆ ਰਹੇ। ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰਖਿਆ। ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਨੂੰ ਦੜਾ ਦੜਾ ਪੈਂਦੀਆਂ ਤੋਪਾਂ ਦੇ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਤੇ ਅਹਿਲ ਸਮਾਧੀ ਵਿਚਿ ਇਸਥਿਤ ਬਿਠਾਈ ਰੱਖਿਆ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰੱਖਿਆ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦੇ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ 'ਸੀ' ਤੱਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿੱਤਾ। ਇਹ ਕੇਵਲ ਓਹੋ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਖੋਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁਖੁ ਸੁਖ ਸਮ ਕਰ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ-ਰੰਗਾਂ ਦੀ ਉਚੀ ਬਿਵਸਥਾ ਹੈ। ਇਹ ਭੈ-ਭਾਵਨੀ ਤੋਂ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ ਰਸ ਤੇ ਪਰਉਪਕਾਰ ਰਤੰਨਾ ਬੀਰ ਰਸ ਬਣ ਆਉਂਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਇਹ ਹੈ ਕਲਗੀਧਰ ਪਾਤਸ਼ਾਹ ਦੀ ਨਾਮ ਦੇ ਖੰਡੇ ਤੇ ਸਰਬ ਲੋਹੀ ਖੰਡੇ ਦੀ ਫ਼ਿਲਾਸਫ਼ੀ, ਜਿਸ ਨੂੰ ਅਹਿੰਸਾਵਾਦੀ ਬੋਧੀ ਜੈਨੀ ਆਦਿ ਸਮਝਣ ਤੋਂ ਅਸਮਰੱਥ ਹਨ।

---

### *(ਪੰਨਾ 12 ਦੀ ਬਾਕੀ)*

ਪਾਉਂਦੇ ਹਨ। ਜਿਹਾ ਕਿ -

*ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ॥*
*ਅਨਦਿਨੁ ਨਾਮੁ ਸਦਾ ਸਦਾ ਧਿਆਵਹਿ ਸਾਚੀ ਦਰਗਹ ਪਾਵਹਿ ਮਾਨੁ ॥੧॥ਰਹਾਉ॥...*
*ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ॥੨॥ ਅੰਗ - ੧੨੫੯-੬●*

ਹੇਠ ਲਿਖੇ ਗੁਰਵਾਕ ਵਿਚ ਅੱਗੇ ਦੇ ਨਿਬੇੜੇ ਦਾ ਕਿਆ ਸੋਹਣਾ ਨਿਰਣਾ ਹੋਇਆ ਹੈ -

*ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥*
*ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥*
*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ॥੬॥ ਅੰਗ - ੧੨੮੧*

# ਹੋਲੀ ਅਤੇ ਹੋਲਾ ਮਹੱਲਾ

*[ਗਿਆਨੀ ਸੁਰਜੀਤ ਸਿੰਘ ਜੀ]*

'ਹੋਲੀ' ਭਾਰਤ ਦਾ ਇਕ ਮਿਥਿਹਾਸਕ ਅਤੇ ਪੌਰਾਣਿਕ ਤਿਉਹਾਰ ਹੈ ਅਤੇ ਇਸਦਾ ਮੂਲ ਸੰਬੰਧ ਬ੍ਰਾਹਮਣ ਮੱਤ ਰਾਹੀਂ ਪ੍ਰਚੱਲਤ ਵਰਣ ਵੰਡ ਨਾਲ ਹੈ, ਜਦਕਿ ਹੋਲੇ ਮਹੱਲੇ ਦਾ ਆਰੰਭ ਸੰਨ ੧੬੮੦ ਵਿੱਚ ਅਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਦੇ ਸਥਾਨ 'ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਕੀਤਾ। ਇਹਨਾਂ ਦੋਹਾਂ ਤਿਉਹਾਰਾਂ ਦੀ ਵਿਚਾਰਧਾਰਾ ਪੱਖੋਂ ਆਪਸ ਵਿਚ ਭਿੰਨਤਾ ਹੈ। ਗੁਰੂ-ਘਰ ਵਿਚ ਗੁਰੂ ਦੀਆਂ ਸੰਗਤਾਂ ਵਾਸਤੇ ਜਿੱਥੇ ਹੋਲੀ ਨੂੰ ਇਸਦੇ ਪ੍ਰਚੱਲਤ ਢੰਗ ਨਾਲ ਖੇਡਣ ਤੋਂ ਪੂਰੀ ਤਰ੍ਹਾਂ ਮਨ੍ਹਾ ਕੀਤਾ ਗਿਆ ਹੈ ਉਥੇ ਹੋਲੇ ਮਹੱਲੇ ਦਾ ਸਿਧਾਂਤ ਪੇਸ਼ ਕਰਦੇ ਹੋਏ, ਹੋਲੀ ਨੂੰ ਵੀ ਨਵੇਂ ਅਤੇ ਸੁਲਝੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਹੋਲਾ ਮਹੱਲਾ ਸੰਬੰਧੀ ਪੰਥ ਦੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਇਸਨੂੰ ਇਸ ਤਰ੍ਹਾਂ ਲਿਖਿਆ ਹੈ –

ਯੁੱਧ ਵਿਦਿਆ ਦਾ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਕਲਗੀਧਰ ਜੀ ਦੀ ਚਲਾਈ ਹੋਈ ਰੀਤ ਅਨੁਸਾਰ ਚੇਤ ਵਦੀ ੧ ਨੂੰ ਸਿੱਖਾਂ ਵਿਚ ਹੋਲਾ ਮਹੱਲਾ ਹੁੰਦਾ ਹੈ ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸੰਬੰਧ ਨਹੀਂ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਪੈਦਲ, ਘੋੜ-ਸਵਾਰ ਤੇ ਸ਼ਸਤਰਧਾਰੀ ਸਿੰਘ, ਦੋ ਪਾਸਿਆਂ ਤੋਂ ਇਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ। ਕਲਗੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸ਼ੁਭ ਸਿਖਿਆ ਦਿਆ ਕਰਦੇ ਹਨ ਜਿਹੜਾ ਦਲ ਜੇਤੂ ਹੁੰਦਾ ਉਸਨੂੰ ਦੀਵਾਨ 'ਚ ਸਿਰੋਪਾ ਬਖ਼ਸ਼ਦੇ ਹਨ। ਪਰ ਅਸੀਂ ਸਾਲ ਪਿਛੋਂ ਇਹ ਰਸਮ ਨਾਮ ਮਾਤ੍ਰ ਕਰ ਛੱਡਦੇ ਹਾਂ, ਲਾਭ ਕੁਝ ਨਹੀਂ ਉਠਾਉਂਦੇ, ਹਲਾਂਕਿ ਸ਼ਸਤਰ-ਵਿਦਿਆ ਤੋਂ ਅਨਜਾਣ ਸਿੱਖ, ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ।

ਇਸੇ ਵਿਸ਼ੇ 'ਤੇ ਭਾਈ ਸਾਹਿਬ ਹੋਰ ਲਿਖਦੇ ਹਨ – ਅਫਸੋਸ ਹੈ ਕਿ ਹੁਣ ਸਿੱਖਾਂ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿਦਿਆ ਨਹੀਂ ਸਮਝਿਆ ਬਲਕਿ ਸਿਰਫ ਫੌਜੀਆਂ ਦਾ ਕਰਤੱਬ ਮੰਨ ਲਿਆ ਹੈ ਜਦਕਿ ਦਸਮੇਸ਼ ਜੀ ਦਾ ਉਪਦੇਸ਼ ਹੈ ਕਿ ਹਰ ਇੱਕ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ।

ਇਸ ਵਿਆਖਿਆ ਤੋਂ ਇਹ ਗੱਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਭਾਵੇਂ ਕਿਤਨੀ ਵੀ ਜੰਗਜੂ ਕੌਮ ਜਾਂ ਜਥੇਬੰਦੀ ਹੋਵੇ, ਹਰ ਵਕਤ ਜਾਂ ਹਰ ਸਮੇਂ ਤਾਂ, ਜੰਗਾਂ ਜੁਧਾ ਵਿਚ ਨਹੀਂ ਰਹਿੰਦੀ। ਸਰਕਾਰੀ ਫ਼ੌਜਾਂ ਵੀ ਸ਼ਸਤਰਾਂ ਦੀ ਵਰਤੋਂ ਕਿਸੇ ਦੁਸ਼ਮਣ ਦੇ ਜਾ ਉਸ 'ਤੇ ਹਮਲੇ ਸਮੇਂ ਹੀ ਕਰਦੀਆਂ ਹਨ, ਹਰ ਸਮੇਂ ਨਹੀਂ। ਪਰ ਉਹਨਾਂ ਦੇ ਯੁੱਧ ਤੇ ਸ਼ਸਤਰ ਅਭਿਆਸ ਤਾਂ ਕਦੇ ਵੀ ਬੰਦ ਨਹੀਂ ਕੀਤੇ ਜਾਂਦੇ। ਛੇਵੇਂ ਪਾਤਸ਼ਾਹ ਨੇ ਪੰਥ ਨੂੰ ਬਾਕਾਇਦਾ ਸ਼ਸਤਰਧਾਰੀ ਕੀਤਾ ਅਤੇ ਹਕੂਮਤ ਨਾਲ ਚਾਰ ਜੰਗਾਂ ਲੜੀਆਂ। ਚੌਹਾਂ ਵਿਚ ਹੀ ਆਪ ਜੀ ਨੇ ਫ਼ਤਹਿ ਹਾਸਲ ਕੀਤੀ। ਗੁਰਗੱਦੀ ਸੌਂਪਣ ਸਮੇਂ ਆਪ ਜੀ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ੨੨੦੦ ਸ਼ਸਤਰਧਾਰੀ ਘੋੜ ਸਵਾਰ ਫ਼ੌਜ ਦੀ ਸਪੁਰਦਗੀ ਕੀਤੀ ਅਤੇ ਨਾਲ ਹੀ ਹੁਕਮ ਕੀਤਾ ਕਿ ਇਹਨਾਂ ਨੂੰ ਬਾਕਾਇਦਾ ਕਾਇਮ ਰੱਖਣਾ ਹੈ। ਸਪਸ਼ਟ ਹੈ ਕਿ ਜੇ ਫ਼ੌਜਾਂ ਨੂੰ ਕਾਇਮ ਰੱਖਣਾ ਹੈ ਤਾਂ ਉਹਨਾਂ ਦੇ ਅਭਿਆਸ ਵੀ ਚਲਦੇ ਹੀ ਰਹਿਣੇ ਹਨ। ਅੰਤ ਦਸਵੇਂ ਪਾਤਸ਼ਾਹ ਨੇ ਕੌਮ ਦੇ ਬਾਕਾਇਦਾ ਜੁਝਾਰੂ ਹੋਣ ਦਾ ਐਲਾਨ ਕਰ ਦਿਤਾ ਅਤੇ ਕ੍ਰਿਪਾਨ ਨੂੰ ਪੰਜਾਂ ਕਕਾਰਾਂ ਵਿਚ ਸ਼ਾਮਲ ਕਰ, ਸਿੱਖੀ ਪਹਿਰਾਵੇ ਦਾ ਸਦਾ ਵਾਸਤੇ ਅੰਗ ਬਣਾ, ਫਿਰ ਇਹ ਨਿਯਮ ਵੀ ਪੱਕਾ ਕਰ ਦਿਤਾ ਕਿ ਸਿੱਖ ਸ਼ਸਤਰ-ਵਿਦਿਆ ਦਾ ਅਭਿਆਸ ਕਰਦੇ ਰਹਿਣ। ਇਸਤੋਂ ਵੱਡਾ ਹੋਰ ਕੋਈ ਸਬੂਤ ਨਹੀਂ ਕਿ ਅੰਮ੍ਰਿਤ ਦਾ ਢੰਗ ਚਰਣ

ਪਾਹੁਲ ਤੋਂ ਖੰਡੇ ਦੀ ਪਾਹੁਲ ਵਿਚ ਤਾਂ ਬਦਲਿਆ ੧੬੯੯ ਨੂੰ ਪਰ ਹੋਲਾ ਮਹੱਲਾ ਆਰੰਭ ਕੀਤਾ ੧੬੮੦ ਵਿਚ ਅਰਥਾਤ ਉਸ ਤੋਂ ੧੯ ਸਾਲ ਪਹਿਲਾਂ।

ਹੋਲਾ ਅਤੇ ਮੱਹਲਾ ਤਰਤੀਬਵਾਰ ਅਰਬੀ ਫ਼ਾਰਸੀ ਦੇ ਸ਼ਬਦ ਹਨ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਮਲਾ ਅਤੇ ਹਮਲੇ ਦੀ ਥਾਂ ਹਨ। ਇਹ ਵੀ ਠੀਕ ਹੈ ਭਾਵੇਂ ਕਿ ਕਿਰਪਾਨ ਨੂੰ ਪਾਤਸ਼ਾਹ ਨੇ ਕਕਾਰਾਂ ਦੀ ਗਿਣਤੀ ਵਿਚ ਸਿੱਖੀ ਪਹਿਰਾਵੇ ਦਾ ਪੱਕਾ ਅੰਗ ਬਣਾ ਦਿਤਾ ਪਰ ਜੰਗਾਂ-ਜੁਧਾਂ ਵਿਚ ਜੋ ਵੀ ਉਸ ਸਮੇਂ ਦੇ ਨਵੇਂ ਹਥਿਆਰ ਸਨ, ਉਹਨਾਂ ਦੀ ਵਰਤੋਂ ਵਾਸਤੇ ਸਭ ਤੋਂ ਅੱਗੇ ਰਹੇ। ਸਾਨੂੰ ਆਧੁਨਿਕ ਹਥਿਆਰਾਂ ਦੀ ਵਰਤੋਂ ਅਤੇ ਅਨੁਸ਼ਾਸਿਤ ਬਾਣੇ ਦੇ ਤੌਰ ਤੇ ਕਿਰਪਾਨ ਦੇ ਆਪਸੀ ਸੰਬੰਧ ਨੂੰ ਸਮਝਣਾ ਚਾਹੀਦਾ ਹੈ। ਉਂਝ ਵੀ ਕ੍ਰਿਪਾਨ ਇਕ ਅਜੇਹਾ ਸ਼ਸਤਰ ਹੈ ਜੋ ਸ਼ੌਚ-ਇਸਨਾਨ ਸਮੇਂ ਵੀ ਸਰੀਰ ਦੇ ਨਾਲ ਰਹਿ ਸਕਦਾ ਹੈ ਜਦਕਿ ਬਾਕੀ ਕਿਸੇ ਸ਼ਸਤਰ ਤੇ ਇਹ ਨਿਯਮ ਲਾਗੂ ਨਹੀਂ ਹੁੰਦਾ। ਕਿਰਪਾਨ ਇਕ ਹੋਰ ਵਿਲੱਖਣਤਾ ਵੀ ਗੁਰੂ ਸਾਹਿਬ ਨੇ ਪੈਦਾ ਕੀਤੀ ਹੈ।

ਕਿਰਪਾਨ ਵਾਸਤੇ ਤਲਵਾਰ ਅਤੇ ਖੜਗ ਆਦਿ ਅਨੇਕਾਂ ਨਾਮ ਪਹਿਲਾਂ ਤੋਂ ਪ੍ਰਚਲਤ ਸਨ। ਸੋਚਣ ਦਾ ਵਿਸ਼ਾ ਇਹ ਹੈ ਕਿ ਪਾਤਸ਼ਾਹ ਨੂੰ ਇਹ ਨਵਾਂ ਨਾਮ ਇਸ ਸ਼ਸਤਰ ਵਾਸਤੇ ਦੇਣ ਦੀ ਕੀ ਲੋੜ ਪਈ। ਇਸ ਸਬੰਧ ਵਿਚ ਇਹ ਯਾਦ ਰਹੇ ਕਿ ਕਿਰਪਾਨ ਧਾਰਨ ਕਰਨ ਵਾਲੇ ਨੂੰ ਦੋ ਪੱਖੋਂ ਹਰ ਵਕਤ ਚੇਤਾਵਨੀ ਮਿਲਦੀ ਹੈ ਕਿ ਉਸਨੇ ਜੋ ਸ਼ਸਤਰਧਾਰੀ ਹੋਣਾ ਹੈ ਤਾਂ ਕਾਹਦੇ ਵਾਸਤੇ ਕਿਰਪਾਨ ਦਾ ਨਵਾਂ ਸ਼ਬਦ ਪਾਤਸ਼ਾਹ ਨੇ ਦੋ ਸ਼ਬਦਾਂ - ਕ੍ਰਿਪਾ+ਆਨ, ਦੀ ਸੰਧੀ ਤੋਂ ਬਖਸ਼ਿਆ ਹੈ, ਭਾਵ ਗੁਰੂ ਦੇ ਸਿੱਖ ਨੇ ਜਦੋਂ ਕਿਰਪਾਨ ਅਥਵਾ ਆਪਣੇ ਸ਼ਸਤਰਾਂ ਨੂੰ ਹੱਥ ਪਾਉਣਾ ਹੈ ਤਾਂ ਉਸਦੇ ਸਾਹਮਣੇ ਦੋ ਗੱਲਾਂ ਵਿਚੋਂ ਇਕ ਕਾਰਣ ਅੱਵਸ਼ ਹੋਣਾ ਚਾਹੀਦਾ ਹੈ। ਜਾਂ ਤਾਂ ਕ੍ਰਿਪਾ ਭਾਵ ਮਜ਼ਲੂਮ ਦੀ ਰਾਖੀ ਅਥਵਾ ਦੁਸ਼ਟ ਦੀ ਸੁਧਾਈ ਵਾਸਤੇ ਜਾਂ ਫਿਰ ਆਪਣੀ ਪੰਥ-ਲੋਕਾਈ ਦੀ ਆਨ ਤੇ ਸ਼ਾਨ ਵਾਸਤੇ।

ਹੋਲੇ ਮਹੱਲੇ ਦਾ ਮਹੱਤਵ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਸਿੱਖੀ ਦੇ ਮੂਲ ਸਿਧਾਂਤ ਦੇਗ-ਤੇਗ ਫਤਹਿ ਵਾਲੇ ਸ਼ਬਦਾਂ ਬਾਰੇ ਸੋਚਦੇ ਹਾਂ। ਗੁਰੂ ਦੀਆਂ ਸੰਗਤਾਂ ਨੂੰ ਜਿੱਥੇ ਕੜਾਹ ਪ੍ਰਸ਼ਾਦ, ਗੁਰੂ ਕਾ ਲੰਗਰ ਆਦਿ ਨੂੰ ਦੇਗ ਜਾਂ ਦੇਗਾ ਕਿਹਾ ਹੈ ਉਥੇ ਨਾਲ ਹੀ ਨਿਯਮ ਹੈ ਕਿ ਬਿਨਾਂ ਕ੍ਰਿਪਾਨ ਭੇਟ ਦੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਨਹੀਂ ਵਰਤਾਉਣੀ ਅਤੇ ਨਾ ਹੀ ਛਕਣੀ ਹੈ। ਗੁਰੂ-ਘਰ ਵਿਚ ਸਿੱਖ ਧਰਮ ਦੇ ਮੂਲ ਸਿਧਾਂਤ ਦੇਗ-ਤੇਗ ਫਤਹਿ ਦੇ ਆਧਾਰ ਤੇ ਕ੍ਰਿਪਾਨ ਭੇਟ ਦਾ ਨਿਯਮ ਹੈ ਤਾਂ ਜੋ ਗੁਰਸਿੱਖ, ਸ਼ਸਤਰਾਂ ਨੂੰ ਭੁੱਲਕੇ ਦੇਗਾਂ ਵਾਸਤੇ ਹੀ ਨਾ ਰਹਿ ਜਾਣ ਤੇਗ ਭਾਵ ਸ਼ਸਤਰਾਂ ਨੂੰ ਭੁਲਾ ਕਰਕੇ ਗੁਰੂ-ਘਰ ਦੀਆਂ ਸੰਗਤਾਂ ਨੂੰ ਦੇਗ ਛਕਣ ਦਾ ਵੀ ਹੱਕ ਨਹੀਂ। ਗੁਰਬਿਲਾਸ ਪਾਤਸ਼ਾਹੀ ਦਸਵੀਂ ਅਧਿਆਯ ੨੩ ਵਿਚ ਸਿੱਖਾਂ ਵਾਸਤੇ ਇਸ ਬਾਰੇ ਦਸਵੇਂ ਪਾਤਸ਼ਾਹ ਵੱਲੋਂ ਹੁਕਮ ਇਸ ਪ੍ਰਕਾਰ ਹੈ -

*ਪੁਨੰ ਸੰਗ ਸਾਰੇ ਪ੍ਰਭ ਜੀ ਸੁਨਾਈ।*
*ਬਿਨਾ ਤੇਗ ਤੀਰੰ ਰਹੋ ਨਾਹ ਭਾਈ।*
*ਬਿਨਾ ਸਸਤ੍ਰ ਕੇਸੋ ਨਰੰ ਭੇਭ ਜਾਨੋ।*
*ਗਹੇ ਕਾਨ ਤਾਕੋ ਕਿਤੇ ਲੈ ਸਿਧਾਨੋ॥੯੮॥*
*ਇਹੈ ਮੋਰ ਆਗਿਆ ਸੁਨੋ ਲੈ ਪਿਆਰੇ।*
*ਬਿਨਾ ਤੇਗ ਕੇਸੰ ਦਿਵੇ ਨ ਦਿਦਾਰੇ।*
*ਇਹੈ ਮੋਰ ਬੈਨਾ ਮੰਨੋਗਾ ਸੁ ਜੋਈ।*
*ਤਿਸੇ ਇਛ ਪੂਰੰ, ਸਭੈ ਜਾਨ ਸੋਈ।*

ਰਹਿਤਨਾਮਾ, ਭਾਈ ਦੇਸਾ ਸਿੰਘ ਜੀ ਵਿਚ ਹੁਕਮ ਹਨ -

*ਸ਼ਸਤ੍ਰਹੀਨ ਇਹ ਕਬਹੂ ਨਹਿ ਕੋਈ॥*
*ਰਹਿਤਵੰਤ ਖਾਲਸਾ ਸੋਈ।*
*ਕਛ ਕ੍ਰਿਪਾਨ ਨ ਕਬਹੂੰ ਤਿਆਗੈ।*
*ਸਨਮੁਖ ਲਰੈ ਨ ਰਣ ਤੇ ਭਾਗੈ॥੧੫॥*

ਹੋਰ ਲਵੋ - ਗੁਰ ਪ੍ਰਤਾਪ ਸੂਰਜ, ਰੁਤ ੩ ਅਧਿਆਯ ੨੩ ਦਸਮੇਸ਼ ਜੀ ਦਾ ਖਾਲਸੇ ਨੂੰ ਹੁਕਮ -

*ਸ਼ਸਤ੍ਰਨਿ ਕੇ ਅਧੀਨ ਹੈ ਰਾਜ।*
*ਜੋ ਨ ਧਰਹਿ ਤਿਸ ਬਿਗਰਹਿ ਕਾਜ॥੬॥*
*ਯਾਂ ਤੇ ਸਰਬ ਖਾਲਸਾ ਸੁਨੀਅਹਿ।*
*ਆਯੁਧ ਧਰਿਬੇ ਉਤਮ ਗੁਨੀਅਹਿ।*
*ਜਬਿ ਹਮਰੇ ਦਰਸ਼ਨ ਕੋ ਆਵਹੁ।*
*ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ॥੭॥*
*ਕਮਰ ਕਸਾ ਕਰਿ ਦੇਹੁ ਦਿਖਾਈ।*
*ਹਮਰੀ ਖੁਸ਼ੀ ਹੋਇ ਅਧਿਕਾਈ ...॥੮॥*

ਸਾਡਾ ਇਹ ਸਭ ਦੇਣ ਦਾ ਮਤਲਬ ਇਹ ਸਾਬਤ ਕਰਨਾ ਹੈ ਕਿ 'ਹੋਲੇ ਮਹੱਲੇ' ਦੇ ਤਿਉਹਾਰ ਦਾ ਵਿਸ਼ੇਸ਼ ਮਹੱਤਵ ਹੈ। ਜਿਵੇਂ ਕਿ ਸਮਕਾਲੀ ਲਿਖਾਰੀ ਅਤੇ ਸਾਰੇ ਸਿੱਖ ਇਤਿਹਾਸਕਾਰ ਇਸ ਬਾਰੇ ਇੱਕ ਮੱਤ ਹਨ ਕਿ ਪਾਤਸ਼ਾਹ ਵੱਲੋਂ ਸਿੱਖਾਂ ਵਾਸਤੇ ਕੇਸਾਧਾਰੀ ਅਤੇ ਸ਼ਸਤਰਧਾਰੀ ਹੋਣਾ ਸਭ ਤੋਂ ਜ਼ਰੂਰੀ ਸਪਸ਼ਟ ਹੈ ਅਤੇ ਇਸੇ ਤਰ੍ਹਾਂ ਇਸ ਸ਼ਸਤਰ ਅਭਿਆਸ ਨੂੰ ਪੱਕਾ ਕਰਨ ਵਾਸਤੇ ਉਹਨਾਂ ਨੇ ਹੋਲੇ ਮਹੱਲੇ ਦਾ ਤਿਉਹਾਰ ਆਪ ਆਰੰਭ ਕੀਤਾ। ਜਿੱਥੇ ਕਿ

ਗੁਰਸਿੱਖ ਨੂੰ ਕੜਾਹ ਪ੍ਰਸ਼ਾਦ ਸਮੇਂ ਨਿਤਾਪ੍ਰਤੀ ਕ੍ਰਿਪਾਨ ਭੇਟ, ਦੇਗ ਦੀ ਸਾਂਝ ਦੇ ਨਾਲ ਉਸਨੂੰ ਉਸਦੀ ਸਸਤਰਾਂ ਨਾਲ ਸਾਂਝ, ਪ੍ਰਗਟ ਕਰਦੀ ਹੈ ਉਥੇ ਸਾਲ ਦੇ ਸਾਲ ਹੋਲਾ ਮਹੱਲਾ ਉਸਨੂੰ ਸਸਤਰ-ਅਭਿਆਸੀ ਬਣੇ ਰਹਿਣ ਦੀ ਵੀ ਚੇਤਾਵਨੀ ਦਿੰਦਾ ਹੈ। ਸ਼ਸਤਰਧਾਰੀ ਫ਼ੌਜਾਂ ਦਾ ਵੀ ਇਹੀ ਨਿਯਮ ਹੁੰਦਾ ਹੈ। ਕਿਸੇ ਵੀ ਦੇਸ਼ ਦੀਆਂ ਫ਼ੌਜਾਂ ਹਮੇਸ਼ਾਂ ਜੰਗਾ-ਜੁਧਾ ’ਤੇ ਨਹੀਂ ਚੜ੍ਹੀਆਂ ਰਹਿੰਦੀਆਂ ਪਰ ਸ਼ਸਤਰ-ਅਭਿਆਸ ਉਹਨਾਂ ਦੇ ਨਿੱਤ ਹੀ ਚਲਦੇ ਰਹਿੰਦੇ ਹਨ। ਜੁੱਧਾਂ ਸਮੇਂ ਇਹ ਅਭਿਆਸ ਰੂਪ ਤਿਆਰੀ ਹੀ ਅਸਲੀ ਜੁੱਧ ਦਾ ਆਧਾਰ ਹੁੰਦੀ ਹੈ। ਹੋਲੇ ਮਹੱਲੇ ਦਾ ਇਹੀ ਮਤਲਬ ਹੈ।

ਨਿਰਾ ਪੂਰਾ ਸ਼ਸਤਰਧਾਰੀ ਹੋਣਾ ਵੀ ਕਿਸੇ ਵਕਤ ਮਨੁੱਖ ਨੂੰ ਜ਼ਾਲਮ ਬਣਾ ਸਕਦਾ ਹੈ ਪਰ ਜਦੋਂ ਉਸਦੇ ਜੀਵਨ ਦੀ ਗੁੜ੍ਹਤੀ ਗੁਰਬਾਣੀ ਦੀ ਹੋਵੇ, ਸਾਰੇ ਸ਼ਸਤਰਾਂ ਦੀ ਪਹਿਚਾਣ ਉਸਨੂੰ ਕ੍ਰਿਪਾਨ ਤੋਂ ਅਰੰਭ ਕਰਵਾਈ ਹੋਈ ਹੋਵੇ ਜਿਸਦਾ ਮਤਲਬ ਹੀ ਉਸ ਲਈ ਮਜ਼ਲੂਮ ਦੀ ਰਾਖੀ ਅਤੇ ਅਣਖ ਨਾਲ ਜੀਣਾ ਹੋਵੇ, ਤਾਂ ਜ਼ਾਲਮ ਹੋਣ ਦੀ ਗੱਲ ਹੀ ਮੁੱਕ ਜਾਂਦੀ ਹੈ। ਫਿਰ ਉਸਨੂੰ ਇਸ ਬਾਰੇ ਦਸਵੇਂ ਪਾਤਸ਼ਾਹ ਦੀ ਬਾਕਾਇਦਾ ਹਦਾਇਤ ਵੀ ਹੈ -

***ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।***
***ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।੨੨।***
***(ਜ਼ਫਰਨਾਮਾ)***

ਭਾਵ ਹਥਿਆਰ ਦੀ ਵਰਤੋਂ ਤਾਂ ਹੀ ਜਾਇਜ਼ ਹੈ ਜਦੋਂ ਬਾਕੀ ਸਾਰੇ ਹੀਲੇ ਮੁੱਕ ਜਾਣ।

ਕਾਫੀ ਸਮੇਂ ਤੋਂ ਅਨ-ਅਧਿਕਾਰੀ ਪ੍ਰਚਾਰਕਾਂ ਕਾਰਣ ਹੌਲੀ ਹੌਲੀ ਪੰਥ ਦਾ ਵੱਡਾ ਹਿੱਸਾ ਅੰਮ੍ਰਿਤ ਤੋਂ ਟੁੱਟਾ ਪਿਆ ਹੈ, ਹਾਲਾਂਕਿ ਅੰਮ੍ਰਿਤ ਤਾਂ ਸਿੱਖੀ ਦਾ ਆਰੰਭ ਅਤੇ ਸਿੱਖ ਧਰਮ ਵਿਚ ਪ੍ਰਵੇਸ਼ ਹੈ। ਅੰਮ੍ਰਿਤ ਰਾਹੀਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕਰਨਾ ਹੈ ਕਿਉਂਕਿ ਨਿਗੁਰਾ ਤਾਂ ਸਿੱਖ ਹੀ ਨਹੀਂ ਹੁੰਦਾ। ਅੰਮ੍ਰਿਤ ਤੋਂ ਟੁੱਟੇ ਅਸੀਂ ਕ੍ਰਿਪਾਨ ਤੋਂ ਵੀ ਲਾਪਰਵਾਹ ਹੁੰਦੇ ਗਏ ਅਤੇ ਆਹਿਸਤਾ-ਆਹਿਸਤਾ ਇਹ ਸਮਝਣਾ ਅਤੇ ਮੰਨਣਾ ਸ਼ੁਰੂ ਕਰ ਦਿਤਾ ਕਿ ਕ੍ਰਿਪਾਨ ਨੂੰ ਤਾਂ ਕੇਵਲ ਅੰਮ੍ਰਿਤਧਾਰੀ ਨੇ ਪਾਉਣਾ ਹੈ। ਹਾਲਾਂਕਿ ਅੰਮ੍ਰਿਤਧਾਰੀ ਹੋਣ ਤੋਂ ਪਹਿਲਾਂ ਸਾਡਾ ਪੰਜ ਕਕਾਰੀ ਹੋਣਾ ਜ਼ਰੂਰੀ ਹੈ ਅਤੇ ਪੰਜ ਕਕਾਰਾਂ ਵਿਚ ਕ੍ਰਿਪਾਨ ਪ੍ਰਧਾਨ ਕਕਾਰ ਹੈ।

ਅਸੀਂ ਸ਼ਸਤਰਧਾਰੀ ਹੋਣ ਤੋਂ ਹੀ ਲਾਪਰਵਾਹ ਹੋ ਗਏ ਤਾਂ ਹੋਲੇ ਮਹੱਲੇ ਦੀ ਸਮਝ ਹੀ ਕਿਵੇਂ ਆਉਂਦੀ ਜਿੱਥੇ ਗੁਰਸਿੱਖ ਹੈ ਉਥੇ ਹੀ ਹੋਲੇ ਮਹੱਲੇ ਦਾ ਤਿਉਹਾਰ ਜ਼ਰੂਰੀ ਹੈ, ਭਾਵੇਂ ਪਾਤਸ਼ਾਹ ਨੇ ਇਸਨੂੰ ਲੋਹਗੜ੍ਹ ਸਾਹਿਬ ਤੋਂ ਹੀ ਆਰੰਭ ਕੀਤਾ ਸੀ। ਪਰ ਇਸ ਦਾ ਮਹੱਤਵ ਸਮਝਣਾ ਸਾਡੇ ਵਾਸਤੇ ਅਤਿ ਜ਼ਰੂਰੀ ਹੈ।

ਹੋਲੀ (ਫੱਗਣ ਸੁਦੀ ੧੧ ਤੋਂ ੧੪ ਤੀਕ) ਹੋਲੀ ਇਕ ਮਿਥਿਹਾਸਕ ਪੌਰਾਣਕ ਤਿਉਹਾਰ ਹੈ। ਬ੍ਰਾਹਮਣ ਮੱਤ ਅਨੁਸਾਰ ਵਰਣ-ਵੰਡ ਵਿਚ ਦ੍ਰਿੜ੍ਹਤਾ ਲਿਆਉਣ ਵਾਸਤੇ ਜਿੱਥੇ ਹਰ ਇਕ ਵਰਣ ਵਾਸਤੇ ਜੰਞੂ, ਜੰਞੂ ਪਾਉਣ ਦੇ ਢੰਗ ਅਤੇ ਸਮੇਂ ਸਭ ਵੱਖਰੇ ਵੱਖਰੇ, ਫਿਰ ਵਰਣਾ ਅਨੁਸਾਰ ਨਾਵਾਂ ਦੀ ਵੰਡ ਅਤੇ ਹੋਰ ਨਿਯਮ ਬਣਾਏ ਉਸੇ ਤਰ੍ਹਾਂ ਬ੍ਰਾਹਮਣ ਵਰਗ ਨੇ ਆਪਣੇ ਵਾਸਤੇ ਵੈਸਾਖੀ, ਵੈਸ਼ਾ ਵਾਸਤੇ ਦਿਵਾਲੀ, ਖੱਤਰੀਆਂ ਵਾਸਤੇ ਦੁਸਹਿਰਾ ਅਤੇ ਸ਼ੂਦਰਾਂ ਵਾਸਤੇ ਹੋਲੀ ਦਾ ਤਿਉਹਾਰ ਪ੍ਰਚਲਤ ਕੀਤਾ। ਮੂਲ ਰੂਪ ਵਿਚ ਇਹ ਬ੍ਰਾਹਮਣੀ ਤਿਉਹਾਰ ਹੈ।

ਇਕ ਪੌਰਾਣਿਕ ਕਥਾ ਅਨੁਸਾਰ ਹੰਕਾਰੀ ਰਾਜੇ ਹਰਨਾਖਸ਼ ਨੇ ਸ਼ਿਵ ਤੋਂ ਵਰ ਪ੍ਰਾਪਤ ਕੀਤਾ ਕਿ ਅੰਦਰ ਜਾਂ ਬਾਹਰ ਦਿਨੇ ਜਾਂ ਰਾਤੀਂ, ਮਨੁੱਖ ਜਾਂ ਪਸ਼ੂ ਕਿਸੇ ਤੋਂ ਨਾ ਮਰਾਂ। ਅਜੇਹਾ ਵਰ ਪ੍ਰਾਪਤ ਕਰਕੇ ਵੱਡਾ ਜ਼ਾਲਮ ਬਣ ਗਿਆ ਅਤੇ ਉਸਨੇ ਐਲਾਨ ਕੀਤਾ ਕਿ ਕੋਈ ਪਰਮਾਤਮਾ ਨੂੰ ਨਾ ਜਪੇ ਅਤੇ ਸਾਰੇ ਉਸਦਾ ਜਾਪ ਕਰਨ। ਕਰਤੇ ਦੀ ਕਰਨੀ, ਘਰ ਵਿਚੋਂ ਹੀ, ਹਰਨਾਖਸ਼ ਦਾ ਪੁੱਤਰ ਪ੍ਰਹਿਲਾਦ ਇਸ ਗੱਲੋਂ ਵਿਰੋਧੀ ਹੋ ਗਿਆ ਅਤੇ ਉਹ ਰਾਮ ਰਾਮ ਜਪਣ ਅਤੇ ਪ੍ਰਚਾਰਨ ਲੱਗਾ। ਰਾਜੇ ਨੇ ਉਸਨੂੰ ਪਹਾੜ ਤੋਂ ਧੱਕ ਕੇ ਦਰਿਆ ਵਿਚ ਸੁੱਟ ਕੇ ਹਰ ਢੰਗ ਨਾਲ ਮਾਰਨ ਦਾ ਜਤਨ ਕੀਤਾ ਪਰ ਪ੍ਰਭੂ ਨੇ ਉਸਦੀ ਰੱਖਿਆ ਕੀਤੀ। ਅੰਤ ਹਰਨਾਖਸ਼ ਦੀ ਭੈਣ ਢੂੰਡਾ (ਹੋਲਿਕਾ) ਜਿਸਨੇ ਤਪ ਕਰਕੇ ਸ਼ਿਵ ਪਾਸੋਂ ਇਕ ਦੁਪੱਟਾ ਪ੍ਰਾਪਤ ਕਰ ਰੱਖਿਆ ਸੀ ਜਿਸਨੂੰ ਉਪਰ ਲੈਣ ਤੋਂ ਬਾਅਦ ਅੱਗ ਉਸ ਉਪਰ ਅਸਰ ਨਹੀਂ ਸੀ ਕਰ ਸਕਦੀ। ਹਰਨਾਖਸ਼ ਦੇ ਕਹੇ, ਤੇ ਹੋਲਿਕਾ ਆਪਣੇ ਭਣੇਵੇਂ ਪਹਿਲਾਦ ਨੂੰ ਗੋਦੀ ਵਿੱਚ ਲੈ ਕੇ ਚਿਖਾ ਵਿਚ ਬੈਠ ਗਈ। ਕਰਤੇ ਦੀ ਕਰਨੀ, ਕਿ ਵਰ ਵਾਲਾ ਦੁਪੱਟਾ ਹੋਲਿਕਾ ਤੋਂ ਉਡਕੇ, ਪ੍ਰਹਿਲਾਦ ’ਤੇ ਜਾ ਪਿਆ। ਹੋਲਿਕਾ ਸੜ ਕੇ ਰਾਖ ਹੋ ਗਈ ਅਤੇ ਪ੍ਰਹਿਲਾਦ ਫਿਰ ਵੀ ਬਚ ਗਿਆ। ਅੰਤ ਅੱਗ ਨਾਲ ਲਾਲ ਕੀਤੇ ਫੌਲਾਦ ਦੇ ਥੰਮ੍ਹ ਨਾਲ ਪ੍ਰਹਿਲਾਦ ਦੇ ਜੱਫਾ ਮਾਰਨ ਸਮੇਂ ਪ੍ਰਭੂ ਨੇ ਨਰਸਿੰਘ ਰੂਪ ਧਾਰ ਕੇ ਦਹਿਲੀਜ ਵਿੱਚ ਹਰਨਾਖਸ਼ ਨੂੰ ਦੋ-ਫਾੜ ਕਰ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਘਟਨਾ

ਨਾਮਦੇਵ ਜੀ, ਅਤੇ ਤੀਜੇ ਪਾਤਸ਼ਾਹ ਦੀ ਬਾਣੀ ਵਿਚ ਦੋ ਵਾਰੀ (ਪੰਨਾ ੧੧੯੫ ਅਤੇ ੧੧੩੩) ਦਰਜ ਹੈ। ਇਹ ਘਟਨਾ ਲੋਕਾਈ ਨੂੰ ਇਹ ਸਮਝਾਉਣ ਵਾਸਤੇ ਹੈ ਕਿ ਮਨੁੱਖ ਭਾਵੇਂ ਕਿਤਨਾ ਵੀ ਜ਼ਾਲਮ ਜਾਂ ਹੰਕਾਰੀ ਹੋ ਜਾਵੇ, ਪ੍ਰਭੂ ਆਪਣੇ ਪਿਆਰਿਆਂ ਦੀ ਸਦਾ ਲਾਜ ਰੱਖਦਾ ਹੈ। ਚੇਤੇ ਰਹੇ ਕਿ ਕਥਾ ਅਨੁਸਾਰ ਇਹ ਕਹਾਣੀ ਕਹੇ ਜਾਂਦੇ ਸਤਿਜੁਗ ਦੀ ਹੈ ਅਤੇ ਉਦੋਂ ਦਸ਼ਰਥ ਪੁੱਤਰ ਰਾਮ ਤਾਂ ਅਜੇ ਪੈਦਾ ਵੀ ਨਹੀਂ ਸਨ ਹੋਏ। ਸੋ ਇਥੇ ਕਰਤਾ ਰਾਮ ਦੀ ਗੱਲ ਹੈ।

ਹੋਲੀ ਦੇ ਤਿਉਹਾਰ ਲਈ ਇਸ ਘਟਨਾ ਨੂੰ ਆਧਾਰ ਬਣਾ ਕਰਕੇ, ਰਾਤ ਨੂੰ ਹੋਲੀ ਜਲਾਈ ਜਾਂਦੀ ਹੈ ਅਤੇ ਰਾਖ ਨੂੰ ਹੋਲਿਕਾ ਦੀ ਰਾਖ ਮੰਨਕੇ ਸਵੇਰੇ ਉਸਨੂੰ ਉਡਾਇਆ ਜਾਂਦਾ ਹੈ। ਸ੍ਰੀ ਮਦ ਭਗਵਤ ਪੁਰਾਣ ਦੀ ਇਕ ਕਥਾ ਅਨੁਸਾਰ ਗੋਪੀਆਂ ਨੇ ਕ੍ਰਿਸ਼ਨ ਜੀ ਨਾਲ ਰੰਗ ਆਦਿ ਉਡਾ ਕਰਕੇ ਖੂਬ ਹੋਲੀ ਖੇਡੀ।

ਲੋਕੀ ਇਕ ਦੂਜੇ ਤੇ ਕੇਵਲ ਰੰਗ-ਗੁਲਾਲ ਹੀ ਨਹੀਂ, ਬਲਕਿ ਚਿੱਕੜ, ਗੋਹਾ, ਲੁੱਕ, ਗੰਦਗੀ ਆਦਿ ਸੁੱਟਕੇ ਇਸ ਤਿਉਹਾਰ ਨੂੰ ਬਹੁਤ ਗਲਤ ਢੰਗ ਨਾਲ ਮਨਾ ਰਹੇ ਹਨ। ਸ਼ਰਾਬਾਂ ਉਡਦੀਆਂ ਹਨ ਅਤੇ ਕਦੀ ਝਗੜੇ-ਫਸਾਦ ਲੜਾਈਆਂ ਤੇ ਕਤਲ ਤੀਕ ਹੁੰਦੇ ਹਨ, ਕਿਉਂਕਿ ਸ਼ਰਾਬ ਦੇ ਨਸ਼ੇ ਨਾਲ ਕਈ ਵਾਰੀ ਭੂਤਰੇ ਲੋਕ, ਇਸ ਵਿਗੜੇ ਹੋਏ ਵਾਤਾਵਰਣ ਦਾ, ਆਪਣੇ ਢੰਗ ਨਾਲ, ਪੂਰਾ ਲਾਭ ਉਠਾਉਂਦੇ ਹਨ। ਜਵਾਨ ਬੱਚੀ ਅਤੇ ਇਸਤਰੀਆਂ ਨਾਲ ਭੱਦੇ ਮਜ਼ਾਕ ਵੀ ਕੀਤੇ ਜਾਂਦੇ ਹਨ।

ਭਾਰਤ ਵਿਚ, ਸਭ ਤੋਂ ਵੱਧ ਹੋਲੀ ਬ੍ਰਿਜ, ਮਥੁਰਾ, ਗੋਕੁਲ ਵਿਚ ਖੇਡੀ ਜਾਂਦੀ ਹੈ ਅਤੇ ਧਾਰਮਿਕ-ਤਿਉਹਾਰ ਦੇ ਬਹਾਨੇ ਅਨੇਕਾਂ ਕਾਮ-ਉਕਸਾਊ, ਅਸ਼ਲੀਲ ਲੱਜਾਹੀਨ ਖੇਡਾਂ ਖੇਡੀਆਂ ਜਾਂਦੀਆਂ ਹਨ।

ਗੁਰੂ-ਘਰ ਵਿਚ ਹੋਲੀ ਦਾ ਤਿਉਹਾਰ ਰੰਗਾ-ਗੁਲਾਲਾ ਆਦਿ ਦੇ ਢੰਗ ਨਾਲ ਮਨਾਉਣਾ ਪੂਰੀ ਤਰ੍ਹਾਂ ਵਰਜਿਤ ਹੈ। ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਖ਼ਸ਼ੇ ਸੁੰਦਰ ਕੇਸਾਧਾਰੀ ਸਰੂਪ ਦੀ ਬੇ ਅਦਬੀ ਕਰਨ ਜਾਂ ਕਰਾਉਣ ਦਾ ਸਾਨੂੰ ਕੋਈ ਅਧਿਕਾਰ ਨਹੀਂ। ਹੋਲੀ ਦੇ ਇਸ ਢੰਗ ਨਾਲ ਗੁਰੂ-ਘਰ ਬਿਲਕੁਲ ਸਹਿਮਤ ਨਹੀਂ ਹੈ।

ਉਚੇਚੇ ਤੌਰ ਤੇ ਹੋਲੀ ਦੇ ਦਿਨਾਂ ਵਿਚ ਗੁਰੂ ਨਾਨਕ ਪਾਤਸ਼ਾਹ ਮਥੁਰਾ ਵਿਚ, ਜੋ ਹੋਲੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ, ਪੁੱਜੇ। ਉਥੇ ਆਪ ਨੇ ਧਰਮ-ਤਿਉਹਾਰ ਦੇ ਪੱਜ ਲੋਕਾਈ ਵਿੱਚ ਖੇਡੀਆਂ ਜਾ ਰਹੀਆਂ ਅਸਭਯ ਖੇਡਾਂ ਤੋਂ ਲੋਕਾਂ ਨੂੰ ਮਨ੍ਹਾਂ ਕੀਤਾ ਅਤੇ ਸਮਝਾਇਆ। ਪਰ ਪਾਂਡਿਆ ਨੇ ਇਸਨੂੰ ਕਲਿਜੁਗ ਦਾ ਪ੍ਰਭਾਵ ਦੱਸਿਆ। ਉਥੇ ਪਾਤਸ਼ਾਹ ਨੇ 'ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ਵਾਲੇ ਸ਼ਬਦ ਰਾਹੀਂ ਸਮਝਾਇਆ ਕਿ ਸਤਿਜੁਗ, ਤ੍ਰੇਤਾ, ਕਲਿਜੁਗ ਆਦਿ ਕੋਈ ਸਮੇਂ ਦੀ ਵੰਡ ਨਹੀਂ। ਇਸ ਤਰ੍ਹਾਂ ਅਖੌਤੀ ਕਲਿਜੁਗ ਦਾ ਪੜਦਾ ਪਾ ਕਰਕੇ ਧਾਰਮਿਕ ਆਗੂ ਜਾਂ ਆਮ ਲੋਕਾਈ ਆਪਣੇ ਦੋਸ਼ਾਂ ਤੋਂ ਬਰੀ ਨਹੀਂ ਹੋ ਸਕਦੀ। 'ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀਂ।' ਤਾਂ ਤੇ ਲੋੜ ਹੈ ਕਿ ਮਨੁੱਖ ਇਕ ਨੇਕ-ਪਰਉਪਕਾਰੀ ਮਨੁੱਖ ਬਣੇ ਅਤੇ ਆਪਣੇ ਜੀਵਨ ਨੂੰ ਸਫਲਾ ਕਰੇ। ਹਰ ਇਕ ਗੁਰਸਿੱਖ ਨੂੰ ਇਹ ਸ਼ਬਦ ਪੜ੍ਹਨਾ ਅਤੇ ਸਮਝਣਾ ਚਾਹੀਦਾ ਹੈ।

ਪੰਜਵੇਂ ਪਾਤਸ਼ਾਹ ਨੇ ਹੋਲੀ ਦੇ ਬਹਾਨੇ ਆਪਣੇ ਮੂੰਹ-ਸਿਰ ਲਾਲ-ਨੀਲੇ, ਕਾਲੇ-ਪੀਲੇ ਕਰਨ ਵਾਲੇ ਲੋਕਾਂ ਨੂੰ ਉਪਦੇਸ਼ ਦਿਤਾ –

***ਗੁਰੁ ਸੇਵਉ ਕਰਿ ਨਮਸਕਾਰ॥***
***ਆਜੁ ਹਮਾਰੈ ਮੰਗਲਚਾਰ॥***
***ਆਜੁ ਹਮਾਰੈ ਮਹਾ ਅਨੰਦ॥***
***ਚਿੰਤ ਲਥੀ ਭੇਟੇ ਗੋਬਿੰਦ॥੧॥***
***ਆਜੁ ਹਮਾਰੈ ਗ੍ਰਿਹਿ ਬਸੰਤ॥***
***ਗੁਨ ਗਾਏ ਪ੍ਰਭ ਤੁਮ੍ ਬੇਅੰਤ॥੧॥ਰਹਾਉ॥***
***ਆਜੁ ਹਮਾਰੈ ਬਨੇ ਫਾਗ॥***
***ਪ੍ਰਭ ਸੰਗੀ ਮਿਲਿ ਖੇਲਨ ਲਾਗ॥***
***ਹੋਲੀ ਕੀਨੀ ਸੰਤ ਸੇਵ॥***
***ਰੰਗੁ ਲਾਗਾ ਅਤਿ ਲਾਲ ਦੇਵ॥੨॥ ਅੰਗ – ੧੧੮੦***

ਭਾਵ ਜਦੋਂ ਜੀਵ ਪ੍ਰਭੂ-ਪਿਆਰ ਵਿਚ ਰੰਗਿਆ ਜਾਂਦਾ ਹੈ ਤਾਂ ਮਾਨੋ ਉਸਦੇ ਘਰ ਸਦਾ ਹੀ ਖੇੜਾ ਤੇ ਬਸੰਤ ਰੁੱਤ ਹੁੰਦੀ ਹੈ। ਇਸ ਵਾਸਤੇ ਦੁਨੀਆਂ ਦੇ ਲੋਕੋ ਜੇ ਕਰ ਤੁਸੀਂ ਇਸ ਫੱਗਣ ਦੇ ਮਹੀਨੇ ਵਿਚ ਹੋਲੀ ਦਾ ਅਨੰਦ ਮਾਣਨਾ ਹੈ ਤਾਂ ਆਉ! ਪ੍ਰਭੂ ਪਿਆਰਿਆਂ ਦੀ ਸੰਗਤ ਵਿਚ ਆਵੋ ਅਤੇ ਨਾਮ ਮਸਤੀ ਵਾਲਾ ਪੱਕਾ ਲਾਲ ਰੰਗ ਤੁਹਾਡੇ ਮਨ ਤੇ ਚੜ੍ਹੇਗਾ। ਇਹੀ ਸਾਡੇ ਵਾਸਤੇ ਉੱਤਮ ਹੋਲੀ ਹੋਣੀ ਚਾਹੀਦੀ ਹੈ। ਦੇਖੋ! ਗੁਰੂ ਪਾਤਸ਼ਾਹ ਨੇ ਹੋਲੀ ਦੇ ਨਾਮ ਨਾਲ ਵਿਰੋਧ ਨਹੀਂ ਕੀਤਾ ਬਲਕਿ ਉਸਦੇ ਅਰਥ ਹੀ ਨਰੋਏ ਕਰ ਦਿੱਤੇ ਜਾਂ ਦੂਜੇ ਸ਼ਬਦਾਂ ਵਿਚ ਗੁਰੂ-ਆਸ਼ੇ ਅਨੁਸਾਰ ਚੱਲਣ ਵਾਲਿਆਂ ਨੂੰ ਰੰਗ-ਗੁਲਾਲਾ-ਚਿੱਕੜਾਂ ਵਾਲੀ ਹੋਲੀ ਤੋਂ ਪੂਰੀ ਤਰ੍ਹਾਂ

***(ਬਾਕੀ ਪੰਨਾ 21 'ਤੇ)***

# ਖਾਲਸੇ ਦਾ ਹੋਲਾ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

## ਫ਼ਾਰਸੀ ਗ਼ਜ਼ਲ ਦੀ ਵਿਆਖਿਆ

ਭੂਲੀ ਲੁਕਾਈ ਫਿਕੇ ਤੇ ਹੋਛੇ ਰੰਗਾਂ ਵਿੱਚ ਹੋਲੀਆਂ ਦੀ ਖੇਡ ਵਿੱਚ ਉਲਝ ਕੇ ਜੀਵਨ-ਬਾਜੀ ਨੂੰ ਕਾਂਡਾਂ ਵਿੱਚ ਗੁਆ ਰਹੀ ਹੈ। ਜਦ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਬੀਰ ਰਸੀ ਹੋਲੇ ਦੀ ਖੇਡ ਬਖ਼ਸ਼ੀ ਅਤੇ ਨਾਮ ਦੇ ਚਲੂਲੇ ਰੰਗਾਂ ਦੀ ਵਰਖਾ ਕਰਦਿਆਂ ਹੋਇਆਂ ਇੱਸ ਅਮੋਲਕ ਮਨੁੱਖਾ ਜਨਮ ਨੂੰ ਸਫਲ ਕਰਨਾ ਸਿਖਾਇਆ।

ਕਲਗੀਧਰ ਪਾਤਸ਼ਾਹ ਜੀ ਦੇ ਸਾਜੇ ਹੋਲੇ ਦੇ ਇਨ੍ਹਾਂ ਨਿਰਾਲੇ ਰੰਗਾਂ ਨੂੰ ਭਾਈ ਸਾਹਿਬ ਨੰਦ ਲਾਲ ਸਿੰਘ ਜੀ ਗੋਇਆ ਬਿਸਮਾਦੀ ਰੰਗਾਂ ਵਿਚ ਮਾਣਦੇ ਹੋਏ ਸਰਸ਼ਾਰ ਹੋ ਰਹੇ ਹਨ ਅਤੇ ਅਸਚਰਜ ਨਾਮ ਦੇ ਚਲੂਲੇ ਰੰਗਾਂ ਦੇ ਰਸ ਵਿਚ ਰੰਗੀਜ ਕੇ ਪੁਕਾਰ ਉਠੇ ਹਨ ਕਿ ਹੋਲੀ ਕਿਵੇਂ ਹੋਲੇ ਵਿਚ ਵਟੀਜ ਕੇ ਨਾਮ ਦੀ ਬਹਾਰ ਲਿਆਈ ਹੈ। ਕਹਿੰਦੇ ਹਨ ਕਿ ਹੋਲੀ ਦਾ ਫੁਲ ਖਿੜ ਪਿਆ ਹੈ, ਭਾਵ ਨਾਮ ਅਲੌਕਿਕ ਰੰਗਾਂ ਵਿਚ ਪ੍ਰਗਾਸ ਹੋ ਉਠਿਆ ਹੈ ਅਤੇ ਸਭ ਪਾਸੇ ਧਰਤ ਅਕਾਸ਼ ਵਿਚ ਸੁਗੰਧੀ ਹੀ ਸੁਗੰਧੀ ਉਠੀ ਹੈ। ਮਾਨੋ ਗੁਲਾਬ, ਕੇਸਰ ਤੇ ਕਸਤੂਰੀ ਆਦਿ ਸਮੂੰਹ ਸੁਗੰਧੀਆਂ ਦੇ ਨਾਫ਼ੇ ਖੁਲ੍ਹ ਗਏ ਹਨ। ਸਤਿਗੁਰੂ ਸਚੇ ਪਾਤਸ਼ਾਹ ਨੇ ਆਪਣੇ ਗਲ ਵਿਚ ਨਾਮ-ਰੰਗਾਂ ਦਾ ਰੰਗੀਜਿਆ ਜਾਮਾ ਪਹਿਰਿਆ ਹੋਇਆ ਹੈ ਅਤੇ ਸ਼ਹਿਨਸ਼ਾਹ ਪਿਤਾ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਨਾਮ ਦੀਆਂ ਪਿਚਕਾਰਿਆਂ ਚਲਾ ਕੇ, ਐਸੀ ਨਾਮ ਦੀ ਬਾਰਸ਼ ਕਰ ਰਹੇ ਹਨ ਕਿ ਜੋ ਵੀ ਜੀਵ ਸਾਹਿਬਾਂ ਦੀ ਦ੍ਰਿਸ਼ਟੀ ਹੇਠ ਆਉਂਦਾ ਹੈ, ਸਾਹਿਬਾਂ ਦੇ ਦਰਸ਼ਨ ਪਰਸਦਾ ਹੈ, ਉਹ ਸਤਿਗੁਰਾਂ ਦੀ ਨਦਰ-ਨਿਹਾਲ ਨਾਲ ਲਾਲੋ ਲਾਲ ਹੋ ਜਾਂਦਾ ਹੈ। ਉਸ ਤੇ ਐਸੀ ਨਾਮ ਦੀ ਬਖ਼ਸ਼ਸ਼ ਹੁੰਦੀ ਹੈ ਕਿ ਉਹ ਫਿਰ ਰਹਿੰਦੇ ਸੁਆਸਾਂ ਤਕ ਇਸ ਨਾਮ ਦੀ ਕਮਾਈ ਕਰਦਿਆਂ, ਇਸ ਰੰਗ ਵਿਚ ਰੰਗੀਜੇ ਰਹਿ ਕੇ ਆਪਣੇ ਜੀਵਨ ਦੀ ਅਸਲੀ ਲੋਚਾ ਪੂਰੀ ਕਰ ਜਾਂਦਾ ਹੈ।

ਅੰਤ ਵਿਚ ਭਾਈ ਸਾਹਿਬ ਜੀ ਨਾਮ-ਰੰਗ ਵਿਚ ਰੰਗੀਜੇ ਗੁਰਸਿਖਾਂ ਦੇ ਦਰਸ਼ਨ ਪਰਸਦੇ ਹੋਏ, ਗੁਰੂ ਪਾਤਸ਼ਾਹਾਂ ਦੇ ਚਰਨਾਂ ਵਿਚ ਜੋਦੜੀ ਕਰਦੇ ਹਨ ਕਿ ਪਾਤਸ਼ਾਹ ਮੇਰੀ ਤਾਂ ਕੇਵਲ ਇਹੋ ਹੀ ਜਾਚਨਾ ਹੈ ਕਿ ਗੁਰਸਿਖ ਸੰਗਤਾਂ ਦੀ ਚਰਨ ਧੂੜੀ ਇਸ ਨਿਮਾਣੇ ਸੇਵਕ ਨੂੰ ਬਖਸ਼, ਤਾਕਿ ਮੈਂ ਵੀ ਇਨ੍ਹਾਂ ਦੀ ਚਰਨ-ਧੂੜੀ ਸਦਕਾ ਜੀਵਨ ਸਫਲ ਕਰ ਸਕਾਂ।

---

*(ਪੰਨਾ 20 ਦੀ ਬਾਕੀ)*

ਵਰਜਿਆ ਅਤੇ ਨਾਮ-ਬਾਣੀ ਦੇ ਅਭਿਆਸ ਵੱਲ ਹੋਰ ਦ੍ਰਿੜ੍ਹ ਕੀਤਾ। ਦਸਵੇਂ ਪਾਤਸ਼ਾਹ ਨੇ ਵੀ ਹੋਲੀਆਂ ਦੇ ਸਮੇਂ ਤੇ ਗੁਰਸਿੱਖਾਂ ਵਿਚ ਸ਼ਸਤਰ ਅਭਿਆਸ ਆਰੰਭ ਕਰਕੇ ਹੋਲੇ ਮਹੱਲੇ ਦਾ ਨਵਾਂ ਤਿਉਹਾਰ ਬਖ਼ਸ਼ਿਆ।

ਗੁਰੂ ਨਾਨਕ ਪਾਤਸ਼ਾਹ ਤੋਂ ਦਸਵੇਂ ਤੀਕ ਇਕ ਅਜੇਹੀ ਮਿਸਾਲ ਨਹੀਂ ਮਿਲਦੀ ਜਦੋਂ ਗੁਰੂ ਪਾਤਸ਼ਾਹ ਨੇ ਆਪ ਜਾਂ ਉਹਨਾਂ ਦੇ ਸਿੱਖਾਂ ਨੇ ੨੩੯ ਵਰ੍ਹਿਆਂ ਵਿਚ ਹੋਲੀ ਖੇਡੀ ਹੋਵੇ। ਜਿਹੜੇ ਗੁਰੂ ਕੇ ਲਾਲ, ਆਪਣੀ ਹੂੜ ਮੱਤ ਜਾਂ ਅਗਿਆਨਤਾ ਕਾਰਣ ਹੋਲੀਆਂ ਦੇ ਅਧਮੂਲ ਵਿਚ ਸ਼ਾਮਲ ਹੋ ਕਰਕੇ, ਪਾਤਸ਼ਾਹ ਦੇ ਬਖਸ਼ੇ ਸੁੰਦਰ, ਸ਼ੇਰਾਂ ਵਾਲੇ ਸਰੂਪ ਦੀ ਬੇਅਦਬੀ ਕਰਦੇ ਹਨ, ਉਹਨਾਂ ਨੂੰ ਆਪਣੀ ਕਰਨੀ ਵੱਲ ਧਿਆਨ ਦੇਣਾ ਚਾਹੀਦਾ ਹੈ। ਬਲਕਿ ਇਸ ਤੋਂ ਅੱਗੇ ਜਾਂਦਿਆਂ ਲੋਕਾਈ ਨੂੰ ਕੱਚੀਆਂ ਹੋਲੀਆਂ ਵਿਚੋਂ ਕੱਢ ਕੇ ਗੁਰਬਾਣੀ ਦੀ ਸਵੱਛ ਰੰਗਤ ਵਿਚ ਲਿਆਉਣ ਦਾ ਯਤਨ ਚਾਹੀਦਾ ਹੈ।

# ਸਿੰਘਾਂ ਦਾ ਹੋਲਾ

*[ਸ. ਮਦਨ ਸਿੰਘ ਜੀ]*

'ਸਿੰਘਾਂ ਦਾ ਪੰਥ ਨਿਰਾਲਾ' ਅਖੌਤ ਵਾਂਗ ਸਿੰਘਾਂ ਦੇ ਮੇਲੇ-ਮੁਸਾਹਬੇ ਵੀ ਆਪਣੀ ਨਿਰਾਲੀ ਸ਼ਾਨ ਰਖਦੇ ਹਨ। ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਹੋਲੇ ਦੇ ਤਿਉਹਾਰ ਨੂੰ ਮਨਾਉਣ ਲਈ ਜੁੜਨਾ, ਤੇ ਖੁਸ਼ੀਆਂ ਨਾਲ ਖੇਲ੍ਹਣਾ-ਮੇਲ੍ਹਣਾ ਇਕ ਅਦੁੱਤੀ ਕਾਰਨਾਮਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਗੁਲਾਮੀ ਦੀ ਹਰ ਕੜੀ ਨੂੰ ਤੋੜਨਾ ਤੇ ਮੁਰਦਾ ਹੋਈਆਂ ਰੂਹਾਂ ਵਿਚ ਆਜ਼ਾਦੀ ਦੀ ਸਪਿਰਿਟ ਨੂੰ ਸੁਰਜੀਤ ਕਰਨਾ ਸੀ। ਹਿੰਦੂਆਂ ਦੇ ਹੋਲੀ ਦੇ ਤਿਉਹਾਰ ਤੋਂ ਦੂਸਰੇ ਦਿਨ ਸਿੰਘ ਹੋਲਾ ਮਨਾਉਂਦੇ ਹਨ, ਇਸ ਲਈ ਹੋਲੇ ਦੇ ਵਿਸ਼ੇ ਨੂੰ ਸਮਝਣ ਲਈ ਹੋਲੀ ਬਾਰੇ ਸਮਝਣਾ ਲਾਜ਼ਮੀ ਹੈ। ਹੋਲੀ ਅਤੇ ਹੋਲੇ ਦੇ ਤਿਉਹਾਰਾਂ ਦਾ ਸਮਾਂ ਵੀ ਤਕਰੀਬਨ ਇਕੋ ਹੀ ਹੈ।

ਹਿੰਦੂ ਲੋਕ ਸਦੀਆਂ ਤੋਂ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਸ੍ਰੀ ਕ੍ਰਿਸ਼ਨ ਭਗਵਾਨ ਨੂੰ ਵੀ ਆਪਣੀਆਂ ਗੋਪੀਆਂ ਨਾਲ ਰੰਗ ਦੀਆਂ ਪਿਚਕਾਰੀਆਂ ਚਲਾਉਂਦੇ ਦੱਸਿਆ ਗਿਆ ਹੈ। ਸਾਰੇ ਭਾਰਤ ਵਿਚ ਹਿੰਦੂ ਇਹਨਾਂ ਦਿਨਾਂ ਵਿਚ ਨਚਦੇ ਟੱਪਦੇ, ਭੰਗੜੇ ਪਾਉਂਦੇ, ਇਕ ਦੂਸਰੇ ਤੇ ਰੰਗ ਬਰੰਗੇ ਪਾਣੀ ਪਿਚਕਾਰੀਆਂ ਰਾਹੀਂ ਸੁੱਟ ਕੇ ਹੋਲੀ ਖੇਲਦੇ ਹਨ। ਹਿੰਦੂ ਤੀਵੀਆਂ ਵੀ ਮਰਦਾਂ ਵਾਂਗ ਬੜੇ ਜੋਸ਼ ਤੇ ਉਤਸ਼ਾਹ ਨਾਲ ਇਸ ਤਿਉਹਾਰ ਨੂੰ ਮਨਾਉਂਦੀਆਂ ਹਨ। ਕਈ ਵੇਰਾਂ ਇਹ ਜੋਸ਼ ਹਿੰਦੂ-ਮੁਸਲਮ ਫਸਾਦਾਂ ਦਾ ਵੀ ਮੂਲ ਕਾਰਨ ਬਣਿਆ ਹੈ ਅਤੇ ਕਈ ਥਾਵਾਂ ਤੇ ਇਹ ਖੁਸ਼ੀਆਂ ਗ਼ਮ ਦਾ ਰੂਪ ਧਾਰਨ ਕਰ ਜਾਂਦੀਆਂ ਹਨ।

ਬਸੰਤ ਰੁੱਤ ਦੀ ਭਰ ਜਵਾਨੀ ਤੇ ਸਾਰੀ ਬਨਾਸਪਤੀ ਦਾ ਹਰ ਪਾਸੇ ਮੌਲਣ ਕਰਕੇ ਇਹ ਤਿਉਹਾਰ ਹੋਰ ਵੀ ਸੁਹਾਵਣਾ ਬਣ ਜਾਂਦਾ ਹੈ। ਪ੍ਰੰਤੂ ਸਮੇਂ ਦੀ ਤੋਰ ਨਾਲ ਇਹ ਤਿਉਹਾਰ ਫਿੱਕਾ ਤੇ ਫੋਕਾ ਬਣਦਾ ਗਿਆ ਤੇ ਹਿੰਦੂ ਕੌਮ ਭਰਮ-ਭੁਲੇਖਿਆਂ ਦੀ ਦਲਦਲ ਵਿਚ ਨਿਤਾਣੀ ਤੋਂ ਮਰੀਅਲ ਹੁੰਦੀ ਚਲੀ ਗਈ।ਅੰਤ ਗੁਲਾਮੀ ਦੀਆਂ ਕੜੀਆਂ ਵਿਚ ਜਕੜ ਕੇ ਰਹਿ ਗਈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਤਿਉਹਾਰ ਨੂੰ ਬੀਰ ਰਸੀ ਸਪਿਰਿਟ ਨਾਲ, ਗੁਲਾਮੀ ਦੇ ਤੌਕ ਨੂੰ ਲਾਹੁਣ ਲਈ ਹੋਲੇ ਮਹੱਲੇ ਦੇ ਰੂਪ ਵਿਚ ਬਦਲ ਦਿੱਤਾ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਤਾੜੇ ਜਾ ਰਹੇ ਲੋਕਾਂ ਨੂੰ ਗ਼ੈਰਤ ਨਾਲ ਜੀਣ ਦਾ ਰਸਤਾ ਦਿਖਾਇਆ ਤੇ ਆਪਣੇ ਆਉਣ ਦਾ ਉਦੇਸ਼ ਦਸਦਿਆਂ ਕਿਹਾ -

***ਹਮ ਇਹ ਕਾਜ ਜਗਤ ਮੋ ਆਏ॥***
***ਧਰਮ ਹੇਤ ਗੁਰਦੇਵ ਪਠਾਏ॥***
***ਜਹਾਂ ਤਹਾਂ ਤੁਮ ਧਰਮ ਬਿਥਾਰੋ॥***
***ਦੁਸ਼ਟ ਦੋਖੀਅਨਿ ਪਕਰਿ ਪਛਾਰੋ॥੪੨॥***

***ਬਚਿਤ੍ਰ ਨਾਟਕ, ਧਿਆਇ ੬***

ਦੁਸ਼ਟਾਂ-ਦੋਖੀਆਂ ਨੂੰ ਸੋਧਣ ਲਈ ਤੋਂ ਦੁਖੀਆਂ ਬੇਸਹਾਰਿਆਂ ਦੀ ਸੇਵਾ ਘਾਲਣ ਦਾ ਧਰਮ ਨਿਭਾਉਣ ਲਈ, ਸਵਾ ਲਾਖ ਸੇ ਏਕ ਲੜਾਊਂ, ਚਿੜੀਆਂ ਕੋਲੋਂ ਬਾਜ ਤੁੜਾਊ ਵਾਲੀ ਸਪਿਰਿਟ ਆਪਣੇ ਖਾਲਸੇ ਵਿਚ ਭਰਨ ਲਈ ਹੋਲਾ ਮਹੱਲਾ ਖੇਡਣ ਦੀ ਰੀਤ ਸੰਮਤ ੧੭੫੭ ਚੇਤਰ ਵਦੀ ਇਕ ਨੂੰ ਕਿਲ੍ਹਾ ਹੋਲਗੜ੍ਹ ਅਨੰਦਪੁਰ ਸਾਹਿਬ ਵਿਖੇ ਦੀਵਾਨ ਸਜਾ ਕੇ ਚਲਾਈ।

ਭਾਈ ਸਾਹਿਬ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿਚ ਹੋਲਾ ਮਹੱਲਾ ਦੇ ਅਰਥ ਇਸ ਤਰ੍ਹਾਂ ਲਿਖਦੇ ਹਨ -

ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁਧ ਵਿਦਿਆ ਵਿਚ ਨਿਪੁੰਨ ਕਰਨ ਲਈ ਇਕ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨ। ਕਲਗੀਧਰ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿੱਖਿਆ ਦਿੰਦੇ ਇਸ ਮਸਨੂਈ ਜੰਗ ਅਰ ਜੋ ਦੱਲ ਕਾਮਯਾਦ ਹੁੰਦਾ ਉਸਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ।

ਅਨੰਦਪੁਰ ਸਾਹਿਬ ਦੀ ਧਰਤੀ ਤੇ ਹਰ ਸਾਲ ਸਿੰਘ

ਆਪਣੀ ਇਤਿਹਾਸਕ ਪਰੰਪਰਾ ਨੂੰ ਜੀਉਂਦਾ ਰਖਣ ਤੋਂ ਸੱਚੀ ਸੁੱਚੀ ਸੇਧ ਲਈ ਜੰਗੀ ਕਰਤਬ ਕਰਦੇ ਤੇ ਦਿਖਾਂਦੇ ਹੋਏ ਹੋਲਾ ਮਹੱਲਾ ਮਨਾਉਂਦੇ ਹਨ।

ਯਾਦ ਰਖਣ ਵਾਲੀ ਗੱਲ ਹੈ, ਗੁਰੂ ਪਾਤਸ਼ਾਹ ਨੇ ਆਪਣੇ ਖਾਲਸੇ ਨੂੰ ਬਹਾਦਰ ਯੋਧਾ ਬਣਨ ਦੇ ਨਾਲ ਨਾਲ ਸੰਤ ਬਣਨ ਲਈ ਵੀ ਹੁਕਮ ਕੀਤੇ ਹਨ,ਪਰ ਅਜ ਕਲ੍ਹ ਦੇ ਕਲਜੁਗੀ ਸੰਤ ਨਹੀਂ। ਸਿੱਖ ਧਰਮ ਵਿਚ ਕਰਨੀ ਪ੍ਰਧਾਨ ਮੰਨੀ ਗਈ ਹੈ। ਉੱਚ ਸੁੱਚੇ ਜੀਵਨ ਤੋਂ ਬਿਨਾਂ, ਨਿਰੇ ਦਰਸ਼ਨੀ ਸੰਤ ਦਾਅ-ਲਾਊ ਬਘਿਆੜ ਹਨ। ਪਰ ਅੱਜ ਕਲ੍ਹ ਇਹੋ ਜਿਹੇ ਪਖੰਡੀ ਸੰਤਾਂ ਦੀ ਭਰਮਾਰ ਹੈ। ਗੁਰੂ ਹੁਕਮਾਂ ਅਨੁਸਾਰ ਸਿੱਖ ਲਈ ਧਰਮ ਦੀ ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ ਜ਼ਰੂਰੀ ਹੈ। ਗੁਰੂ ਸਾਹਿਬ ਜਿਥੇ ਜੰਗ ਦੀਆਂ ਮੁਸ਼ਕਾਂ ਕਰਾਂਦੇ ਸਨ, ਉਥੇ ਦੋਨੋਂ ਵੇਲੇ ਕੀਰਤਨ ਅਖਾੜੇ, ਕਵੀ ਦਰਬਾਰ ਤੇ ਨਾਮ ਜਪਣ ਦੇ ਲਗਾਤਾਰ ਅਭਿਆਸ ਵੀ ਕਰਵਾਇਆ ਕਰਦੇ ਸਨ।

***ਧੌਲੁ ਧਰਮੁ ਦਇਆ ਕਾ ਪੂਤੁ॥***

ਦਇਆ ਬਗ਼ੈਰ 'ਫ਼ੌਜ' ਡਾਕੂਆਂ ਤੇ ਲੁਟੇਰਿਆਂ ਦਾ ਇਕ ਟੋਲਾ ਬਣ ਕੇ ਰਹਿ ਜਾਂਦੀ ਹੈ। ਇਸੇ ਲਈ ਗੁਰੂ ਸਾਹਿਬ ਨੇ ਆਪਣੇ ਖ਼ਾਲਸੇ ਨੂੰ ਗੁਰਮਤਿ-ਗਾਡੀ ਰਾਹ ਤੇ ਤੋਰਿਆ। ਇਤਿਹਾਸ ਗਵਾਹ ਹੈ,ਜੰਗਾਂ ਜੁਧਾਂ ਸਮੇਂ ਵੀ ਸਿੰਘਾਂ ਨੇ ਦੁਸ਼ਮਣ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਕੇ ਆਦਰ ਕੀਤਾ ਅਤੇ ਮਾਸੂਮਾਂ ਨੂੰ ਕਤਲ ਨਹੀਂ ਕੀਤਾ ਤੇ ਨਾ ਹੀ ਨਿਰਦੋਸ਼ਾਂ ਦਾ ਮਾਲ ਲੁੱਟਿਆ। ਇਹ ਹੀ ਕਾਰਨ ਹੈ, ਮੁੱਠੀ ਭਰ ਸਿੰਘਾਂ ਨੇ ਸੱਚੇ ਬੀਰ-ਰਸ ਵਿਚ ਜਰਵਾਣਿਆਂ ਦੀਆਂ ਧੌਣਾਂ ਭੰਨੀਆਂ ਤੇ ਸਦੀਆਂ ਪੁਰਾਣੀ ਮੁਗਲ ਹਕੂਮਤ ਦੀ ਜੜ੍ਹ ਪੁੱਟ ਸੁੱਟੀ।

ਖੇਦ ਵਾਲੀ ਗੱਲ ਹੈ, ਅੱਜ ਉਹ ਸਿੰਘਾਂ ਵਾਲਾ ਆਚਰਣ ਅਲੋਪ ਹੁੰਦਾ ਜਾ ਰਿਹਾ ਹੈ। 'ਸਵਾ ਲਾਖ ਸੇ ਏਕ ਲੜਾਊਂ" ਵਾਲੀ ਸਪਿਰਿਟ ਮੱਧਮ ਪੈਂਦੀ ਜਾ ਰਹੀ ਹੈ। ਅੱਜ ਖਾਲਸੇ ਨੂੰ ਦੂਸਰਿਆਂ ਦੀਆਂ ਬਹੂ-ਬੇਟੀਆਂ ਦੀ ਪੱਤ ਬਚਾਉਣ ਦੀ ਬਜਾਇ ਆਪਣੀ ਪੱਤ ਦਾ ਫ਼ਿਕਰ ਪਿਆ ਹੋਇਆ ਹੈ। ਕੌਮ ਦੀ ਪਗੜੀ ਰੁਲ ਰਹੀ ਹੈ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਅਸੀਂ ਗੁਰੂ ਦਾ ਦਰਸਾਇਆ ਸੱਚਾ ਮਾਰਗ ਭੁੱਲ ਬੈਠੇ ਹਾਂ। ਜੀਭ ਰਸ, ਚੁੰਚ ਗਿਆਨ, ਫੈਸ਼ਨ-ਪ੍ਰਸਤੀ ਤੇ ਬਿਪਰਨ ਕੀ ਰੀਤ ਆਦਿ ਵਿਸ਼ੇ-ਵਿਕਾਰਾਂ ਵਿਚ ਫਸ ਕੇ ਰਸਾਤਲ ਵਲ ਧੱਕੇ ਜਾ ਰਹੇ ਹਾਂ। ਬਕਰੇ ਝਟਕਾ ਕੇ ਤੋਂ ਸ਼ਰਾਬ, ਅਫੀਮ, ਭੰਗ ਆਦਿ ਨਸ਼ੇ ਕਰ ਕੇ ਹੋਲਾ ਮਹੱਲਾ ਮਨਾਉਣਾ, ਗੁਰਮਤਿ ਨਹੀਂ। ਮੁਰਦਾਰ ਮਾਸ ਨੂੰ ਮਹਾਂਪ੍ਰਸ਼ਾਦ ਨਾਮ ਭੀ ਇਹਨਾਂ ਅਖੌਤੀ ਜੀਭ ਦੇ ਸੁਆਦ ਵਿਚ ਗ੍ਰਸੇ ਲਿਖਾਰੀਆਂ ਨੇ ਦਿੱਤਾ ਹੈ। ਕੜਾਹ ਪ੍ਰਸ਼ਾਦ ਲਈ ਮਹਾਂ ਪ੍ਰਸ਼ਾਦ ਲਿਖਿਆ ਜ਼ਰੂਰ ਮਿਲਦਾ ਹੈ, ਪ੍ਰੰਤੂ ਅੱਜ ਕਲ੍ਹ ਜੀਭ ਦੇ ਚਸਕਾਲੂਆਂ ਨੇ ਇਹ ਪਵਿੱਤਰ ਸ਼ਬਦ ਮਾਸ ਲਈ ਪਰਚਲਤ ਕਰ ਲਿਆ ਹੈ। ਮਾਸ ਖਾਣ ਵਾਲਿਆਂ ਨੇ ਗੁਰਬਾਣੀ ਦੀਆਂ ਤੁਕਾਂ ਨੂੰ ਆਪਣੇ ਸੁਆਰਥ ਲਈ ਵਰਤ ਕੇ ਅਰਥ ਦੇ ਅਨਰਥ ਕਰ ਛੱਡੇ ਹਨ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਕੇ"ਲੰਗਰ ਬਾਰੇ ਲਿਖਿਆ ਹੈ – 'ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।' ਇਹੋ ਪ੍ਰੰਪਰਾ ਸੀਨਾ-ਬਸੀਨਾ ਗੁਰੂ ਕੇ ਲੰਗਰਾਂ ਵਿਚ ਪ੍ਰਧਾਨ ਹੈ। ਕਿਸੇ ਵੀ ਗੁਰਦੁਆਰੇ, ਗੁਰੂ ਕੇ ਲੰਗਰ ਵਿਚ ਮਾਸ ਨਹੀਂ ਬਣਦਾ। ਬਹੁਤ ਸਾਰੇ ਅਜ ਕਲ ਦੇ ਚੁੰਚ-ਗਿਆਨੀ ਮਾਸ ਦੇ ਵਿਸ਼ੇ ਨੂੰ ਆਪਣੀ ਚਰਚਾ ਦਾ ਮੂਲ ਵਿਸ਼ਾ ਬਣਾਉਂਦੇ ਹਨ, ਪ੍ਰੰਤੂ ਬਹਿਸ ਕਰਦੇ ਕਰਦੇ ਗੁਰਬਾਣੀ ਦੇ ਅੰਤਰੀਵ ਭਾਵ ਨੂੰ ਸਮਝਣ ਤੋਂ ਕੋਰੇ ਹੁੰਦੇ ਹਨ।

ਗੁਰੂ ਆਸ਼ੇ ਅਨੁਸਾਰ ਸਿੱਖ ਨਿਸ਼ਾਨਾ ਅਕਾਲ ਪੁਰਖ ਦੀ ਜੋਤਿ ਵਿਚ ਸਮਾਣਾ ਹੈ। ਨਾਮ ਜਪਦਿਆਂ, ਸ਼ੁਭ ਕਰਮ ਕਰਦਿਆਂ ਤੇ ਸਾਤਵ ਅਹਾਰ ਕਰਦਿਆਂ ਹੀ ਇਹ ਮੁਮਕਨ ਹੋ ਸਕਦਾ ਹੈ ਅਤੇ ਇਹ ਹੀ ਸਿੱਖ ਦਾ ਆਧਾਰ ਹੈ, ਬਾਕੀ ਸਭ ਰਸ ਖਿਨ ਭੰਗਰ ਬਿਨਸਣ ਵਾਲੇ ਹਨ।

***ਰਸੁ ਸੁਇਨਾ ਰਸੁ ਰੁਪਾ ਕਾਮਣਿ, ਰਸੁ ਪਰਮਲ ਕੀ ਵਾਸੁ॥***
***ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥***
***ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ॥੨॥***

***ਅੰਗ – ੧੫***

ਸਾਡੇ ਭੁੱਲੜ ਲਿਖਾਰੀਆਂ ਨੇ ਆਪਣੀਆਂ ਕਰਤੂਤਾਂ ਨੂੰ ਲੁਕਾਣ ਖ਼ਾਤਰ ਭੰਗ ਦੇ ਮਾਰੂ ਨਸ਼ੇ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਵਰਗੀਆਂ ਮਹਾਨ ਪਵਿਤਰ ਹਸਤੀਆਂ ਨਾਲ ਜੋੜਨ ਤੋਂ ਵੀ ਸੰਕੋਚ ਨਹੀਂ ਕੀਤਾ। ਛੇਵੀਂ ਪਾਤਸ਼ਾਹੀ ਦੇ ਗੁਰਬਿਲਾਸ ਦੇ ਅਧਿਆਇ ੧੮ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਭੰਗ ਪੀਣਾ ਲਿਖਿਆ ਹੈ –

***ਜਬੈ ਜਾਮ ਦਿਨ ਅਨਿ ਰਹਾਯੋ॥***
***ਸ੍ਰੀ ਗੁਰੂ ਵਿਜਿਆ ਪਾਨ ਕਰਾਯੋ॥***

ਗੁਰਪ੍ਰਤਾਪ ਸੂਰਜ ਦੀ ਰੁਤ ਤਿੰਨ ਦੇ ਅਧਿਆਇ ਇੱਕੀ ਵਿਚ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ –

***ਤਾਂ ਤੇ ਸ੍ਰੀ ਮੁਖਵਾਕ ਉਚਾਰਾ॥***
***ਹੋਇ ਸੁਖੇ ਕੀ ਦੇਗ ਤਿਆਰਾ।***
***ਸਿੰਘ ਹੋਇ ਜਬ ਆਲੁਦਧਾਰੀ।***
***ਮਾਦਕ ਰਹੀਏ ਅਨਦ ਮਝਾਰੀ॥੩੧॥***

ਭਾਵ ਕਿ ਦਸਵੇਂ ਪਾਤਸ਼ਾਹ ਨੇ ਭੰਗ ਜਾਂ ਸੁੱਖੇ ਦੀ ਦੇਗ ਤਿਆਰ ਕਰਨ ਦਾ ਹੁਕਮ ਦਿੱਤਾ। ਸਿੱਖ ਕੌਮ ਨੂੰ

ਨਸ਼ਿਆਂ ਵਿਚ ਗ੍ਰਸਤ ਕਰ ਕੇ ਕਮਜ਼ੋਰ ਤੇ ਆਚਰਨਹੀਨ ਕਰਨਾ ਹੈ। ਦਰ-ਅਸਲ ਸਾਡੀ ਅਜੋਕੀ ਗਿਰਾਵਟ ਦਾ ਮੂਲ ਕਾਰਨ ਵੀ ਸਾਡੀ ਧਾਰਮਿਕ ਬਿਰਤੀ ਤੋਂ ਬੇਮੁਖਤਾ ਹੈ। ਅਫੀਮ ਬਾਰੇ ਭਾਈ ਸੁਖਾ ਸਿੰਘ ਜੀ ਦਸਵੇਂ ਗੁਰ-ਬਿਲਾਸ ਦੇ ਦਸਵੇਂ ਅਧਿਆਏ ਵਿਚ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਅਫ਼ੀਮ ਛਕਦੇ ਸਨ -

*ਬਿਜਿਆ ਧਰਛਤ (ਅਫੀਮ) ਅਮਰ ਮੰਗਾਵੈ॥*
*ਆਪ ਛਕੈ ਪੁੰਨਿ ਅਵਰ ਦਿਆਵੈ॥*

ਇਸੇ ਤਰ੍ਹਾਂ ਗੁਰ ਪ੍ਰਤਾਪ ਸੂਰਜ ਦੀ ਰੁਤ ਤਿੰਨ ਅਧਿਆਇ ਚਾਰ ਵਿਚ ਲਿਖਿਆ ਹੈ -

*ਯੁਤ ਛੜ੍ਹਧਾਰ (ਅਫ਼ੀਮ) ਸਤਿਗੁਰੂ ਛਕਾਇ॥*

ਪਾਠਕ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਗੁਰੂ ਖਾਲਸੇ ਦੇ ਬਾਨੀ ਤੇ ਬਹਾਦਰ ਯੋਧੇ ਕੀ ਅਫ਼ੀਮੀ ਹੋ ਸਕਦੇ ਹਨ? ਇਹਨਾਂ ਲਿਖਾਰੀਆਂ ਨੇ ਆਪਣੀਆਂ ਬੁਰੀਆਂ ਵਾਦੀਆਂ ਤੇ ਤਰੁੱਟੀਆਂ ਤੇ ਪਰਦਾ ਪਾਉਣ ਦਾ ਇਹ ਕੁਫ਼ਰ ਤੋਲਣ ਦਾ ਨਿਸਫਲ ਯਤਨ ਕੀਤਾ ਹੈ।

ਕੌਮ ਦੀ ਬਦਕਿਸਮਤੀ ਸਮਝਣੀ ਚਾਹੀਦੀ ਹੈ ਕਿ ਸਾਡੇ ਪੁਰਾਤਨ ਰਹਿਤਨਾਮਿਆਂ, ਜਿਨ੍ਹਾਂ ਤੋਂ ਅਸੀਂ ਸੇਧ ਲੈਣੀ ਹੈ, ਵਿਚ ਕਈ ਤਰ੍ਹਾਂ ਦਾ ਰਲਗੱਡ ਕੀਤਾ ਗਿਆ ਹੈ। ਸਾਡੇ ਧਾਰਮਿਕ ਲੀਡਰਾਂ ਤੇ ਬੁਧੀਜੀਵੀਆਂ ਪਾਸ ਵਕਤ ਹੀ ਨਹੀਂ ਕਿ ਉਹ ਖੋਜ ਕਰ ਕੇ ਗੁਰਮਤਿ ਗਾਡੀ ਰਾਹ ਤੇ ਚਲਣ ਦੀ ਪ੍ਰੇਰਨਾ ਦੇ ਸਕਣ। ਇਸ ਸਮੇਂ ਲੋੜ ਹੈ ਗੁਰਬਾਣੀ ਨੂੰ ਵੀਚਾਰ ਕੇ ਆਪਣੇ ਜੀਵਨ ਨੂੰ ਗਾਡੀ ਰਾਹ ਤੇ ਢਾਲਣ ਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਡੇ ਪਾਸ ਇਕ ਸੱਚੀ ਕਸਵਟੀ ਹੈ। ਪੁਰਾਤਨ ਸਾਖੀਆਂ ਤੋਂ ਰਹਿਤਨਾਮੇ ਇਸ ਕਸੌਟੀ ਤੇ ਪਰਖੇ ਜਾ ਸਕਦੇ ਹਨ।

ਗੁਰਬਾਣੀ ਦੀ ਵੀਚਾਰ ਕੀਤੇ ਬਿਨਾਂ ਸਾਡੇ ਕਈ ਭੁਲੜ ਲਿਖਾਰੀ ਇਹ ਲਿਖ ਗਏ ਕਿ ਖਾਲਸਾ ਪੰਥ ਸਜਾਉਣ ਸਮੇਂ ਦਸਮੇਸ਼ ਜੀ ਨੇ ਪੰਜ ਸਿੰਘਾਂ ਦੀ ਬਜਾਏ ਪੰਜ ਬਕਰੇ ਝਟਕਾਉਣ ਦਾ ਨਾਟਕ ਰਚਿਆ। ਸਮਰੱਥ ਗੁਰੂ ਨਾਲ ਇਹ ਕਿੱਡਾ ਵਡਾ ਮਖ਼ੌਲ ਇਹਨਾਂ ਅਖੌਤੀ ਬੁਧੀਜੀਵੀਆਂ ਨੇ ਕੀਤਾ। 'ਸਤਿਗੁਰੁ ਮੇਰਾ ਮਾਰਿ ਜੀਵਾਲੈ' ਗੁਰੂ-ਵਾਕ ਪ੍ਰਤੱਖ ਹੈ, ਪਰ ਇਹਨਾਂ ਨੂੰ ਯਕੀਨ ਨਹੀਂ।

ਆਓ! ਸਤਿਗੁਰੂ ਜੀ ਦੇ ਹੁਕਮਾਂ ਮੁਤਾਬਿਕ ਹੋਲਾ ਮਹੱਲਾ ਖੇਡੀਏ, ਨਾ ਕਿ ਬਿਪਰੀਤ ਬੁਧੀ ਵਾਲੇ ਲੋਕਾਂ ਵਾਂਗ ਮਾਸ ਦੇ ਡਲੇ ਛਕ ਕੇ ਅਤੇ ਭੰਗਾਂ ਪੀ ਕੇ ਦੁਨੀਆ ਨੂੰ ਆਪਣਾ ਤਮਾਸ਼ਾ ਦਿਖਾਈਏ। ਸੱਚੀ ਦਰਗਾਹ ਵਿਚ ਓਹ ਸਨਮਾਨੇ ਜਾਣਗੇ ਜੋ ਨਾਮ-ਰੰਗਾਂ ਵਿਚ ਰਤੇ ਹੋਏ ਬੀਰ ਰਸੀ ਜੌਹਰ ਦਿਖਾਂਦੇ ਹੋਏ ਦੀਨਾਂ ਦੁਖੀਆਂ ਲਈ ਆਪਾ ਵਾਰ ਜਾਂਦੇ ਹਨ। ਗੁਰ ਫੁਰਮਾਨ ਹੈ -

*ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ*
*ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲ ਵਸਿ ਤਾ ਕੈ*
*ਜਾ ਕਾ ਸਤਿਗੁਰੁ ਪੂਰਾ॥੧॥੩੫॥* *ਅੰਗ - ੬੮੦*

ਅਤੇ

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥*
*ਅੰਗ - ੧੧੦੫*

ਹੋਲੀ ਬਾਰੇ, ਰੰਗ ਗੁਲਾਲ ਛਿੜਕਾ ਕੇ ਕਪੜੇ ਖ਼ਰਾਬ ਕਰਨ ਦੀ ਬਜਾਇ, ਗੁਰੂ ਫੁਰਮਾਨ ਹੈ -

*ਗੁਰੁ ਸੇਵਉ ਕਰਿ ਨਮਸਕਾਰ॥*
*ਆਜੁ ਹਮਾਰੈ ਮੰਗਲਚਾਰ॥੧॥*
*ਆਜੁ ਹਮਾਰੈ ਬਨੇ ਫਾਗ॥*
*ਪ੍ਰਭ ਸੰਗੀ ਮਿਲਿ ਖੇਲਨ ਲਾਗ॥*
*ਹੋਲੀ ਕੀਨੀ ਸੰਤ ਸੇਵ॥*
*ਰੰਗੁ ਲਾਗਾ ਅਤਿ ਲਾਲ ਦੇਵ॥੨॥* *ਅੰਗ - ੧੧੮੦*


## ਅਖੰਡ ਕੀਰਤਨ ਸਮਾਗਮ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭੱਟੀ ਪਰਿਵਾਰ ਲੁਧਿਆਣਾ ਵੱਲੋਂ 26.03.2023 ਨੂੰ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਸਵੇਰੇ 7.00 ਵਜੇ ਤੋਂ ਲੈ ਕੇ ਦੁਪਹਿਰ 1.30 ਵਜੇ ਤਕ ਗੁਰਦੁਆਰਾ ਗੁਰਮਤ ਸੰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟੱਰਸਟ, ਭਾਈ ਸਾਹਿਬ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਹੋਣਗੇ। ਸੰਗਤਾਂ ਹੁੰਮ-ਹੁੰਮਾ ਕੇ ਦਰਸ਼ਨ ਦਿਦਾਰੇ ਬਖਸ਼ਣ ਤੇ ਕੀਰਤਨ ਦਾ ਆਨੰਦ ਲੈਣ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤੇਗਾ।

**ਦਾਸਰੇ : ਭੱਟੀ ਪਰਿਵਾਰ, ਲੁਧਿਆਣਾ। ਮੋਬਾਇਲ : 98151-56014**

# ਸੰਗ੍ਰਾਂਦ

*[ਪ੍ਰੋ. ਸਾਹਿਬ ਸਿੰਘ ਜੀ]*

ਮਨੁੱਖ-ਜਾਤੀ ਦੇ ਜੀਵਨ ਵਿੱਚ ਇੱਕ ਉਹ ਸਮਾਂ ਵੀ ਆਇਆ ਸੀ, ਜਦੋਂ ਉਹ ਇਹ ਸਮਝਦਾ ਸੀ ਕਿ ਕੁਦਰਤ ਦੇ ਹਰੇਕ ਅੰਗ ਵਿੱਚ, ਧਰਤੀ, ਹਵਾ, ਪਾਣੀ ਵਿੱਚ, ਰੁਖਾਂ ਤੇ ਪਰਬਤਾਂ ਵਿੱਚ, ਹਨ੍ਹੇਰੀ ਝੱਖੜਾਂ ਵਿੱਚ, ਕੜਕਦੀ ਬਿਜਲੀ ਤੇ ਭੁਚਾਲਾਂ ਵਿੱਚ, ਪਸ਼ੂ ਪੰਛੀਆਂ ਤੇ ਮੱਛੀਆਂ ਵਿੱਚ, ਸੂਰਜ ਚੰਦ੍ਰਮਾ ਤੇ ਤਾਰਿਆਂ ਵਿੱਚ, ਹਰ ਥਾਂ 'ਰੂਹਾਂ'' ਹਨ, ਜੋ ਮਨੁੱਖ ਦੀਆਂ ਵਿਰੋਧੀ ਹਨ। ਮਨੁੱਖ ਦਾ ਇਹ ਵੱਡਾ ਫਰਜ ਗਿਣਿਆ ਗਿਆ ਸੀ ਕਿ ਉਹ ਇਨ੍ਹਾਂ ਰੂਹਾਂ ਦੀ ਚਾਪਲੂਸੀ ਕਰਦਾ ਰਹੇ, ਤਾਂ ਜੋ ਉਹ ਰੂਹਾਂ ਇਸਨੂੰ ਸਤਾਣ ਰੁਕੀਆਂ ਰਹਿਣ।

ਸਮਾਂ ਪੈਣ ਦੇ ਨਾਲ 'ਭੈੜੀਆਂ ਰੂਹਾਂ' ਦੇ ਨਾਲ ਦੇਵਤੇ ਭੀ ਸ਼ਾਮਲ ਕੀਤੇ ਗਏ। ਇਹਨਾਂ ਦੇ ਆਪੋ ਵਿੱਚ ਦੇ ਜੰਗਾਂ ਦੀ ਲੱਗ ਪਈ। ਯੂਨਾਨ, ਚੀਨ, ਫਾਰਸ ਤੇ ਹਿੰਦੁਸਤਾਨ ਪੁਰਾਣੀ ਸੱਭਿਅਤਾ ਵਾਲੇ ਸਾਰੇ ਦੇਸ਼ਾਂ ਵਿੱਚ ਇਹੀ ਖਿਆਲ ਪ੍ਰਚਲਤ ਸੀ ਕਿ ਸਾਰੀ ਰਚਨਾ ਵਿੱਚ ਹਰ ਥਾਂ ਦੇਵਤਿਆਂ ਦਾ ਅਤੇ ਕਿਤੇ ਦੈਂਤਾ ਦਾ ਰਾਜ ਪ੍ਰਚਲਤ ਹੈ ਤੇ ਹਰੇਕ ਵੱਲੋਂ ਮਨੁੱਖ ਦੇ ਦੁੱਖ ਸੁੱਖ ਇਨ੍ਹਾਂ ਦੇ ਵੱਸ ਵਿੱਚ ਹਨ। ਭਲੀਆਂ ਰੂਹਾਂ (ਦੇਵਤਿਆਂ) ਤੋਂ ਕੋਈ ਸੁੱਖ ਹਾਸਲ ਕਰਨ ਲਈ ਤੇ ਭੈੜੀਆਂ ਰੂਹਾਂ ਦੀ ਭੈੜੀ ਨਜ਼ਰ ਤੋਂ ਬਚਣ ਲਈ, ਇਨ੍ਹਾਂ ਦੇਵਤਿਆਂ ਤੇ ਦੈਂਤਾ ਦੀ ਪੂਜਾ ਦੇ ਖਾਸ ਖਾਸ ਦਿਨ ਮਿੱਥੇ ਗਏ।

ਸਹਿਜੇ ਸਹਿਜੇ ਮਨੁੱਖ ਨੂੰ ਇਹ ਸਮਝ ਆ ਗਈ ਕਿ ਵੱਖ-ਵੱਖ ਰੂਹਾਂ ਨਹੀਂ ਸਗੋਂ ਸਾਰੀ ਕੁਦਰਤ ਨੂੰ ਬਣਾਉਣ ਵਾਲਾ ਇਕ ਹੀ ਸਿਰਜਨ ਹਾਰ ਪ੍ਰਮਾਤਮਾ ਹੈ ਜੋ ਆਪ ਹੀ ਪਾਲਣਾ ਕਰਨ ਵਾਲਾ ਹੈ। ਜਿਉਂ ਜਿਉਂ ਇਹ ਨਿਸ਼ਚਾ ਵਧਦਾ ਗਿਆ ਤਿਉਂ ਤਿਉਂ ਮਨੁੱਖ ਹੋਰ ਹੋਰ ਪੂਜਾ ਛੱਡ ਕੇ ਇੱਕ ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਕਰਨ ਲੱਗ ਪਿਆ।ਦੇਵਤੇ ਦੈਂਤ ਆਦਿਕ ਵਿਸਰਦੇ ਗਏ, ਤੇ ਉਨ੍ਹਾਂ ਦੀ ਪੂਜਾ ਵਾਸਤੇ ਖਾਸ ਮਿਥੇ ਹੋਏ ਦਿਨ ਭੀ ਭੁੱਲਦੇ ਗਏ। ਇਉਂ ਜਾਪਦਾ ਹੈ ਕਿ ਹੋਰ ਸਾਰੀ ਰਚਨਾ ਨਾਲੋਂ ਸੂਰਜ ਤੇ ਚੰਦਰਮਾ ਨੇ ਮਨੁੱਖ ਦੇ ਮਨ ਉਤੇ ਵਧੀਕ ਡੂੰਘਾ ਅਸਰ ਪਾਇਆ ਹੋਇਆ ਸੀ। ਇਨ੍ਹਾਂ ਦੀ ਪੂਜਾ ਲਈ ਮਿੱਥੇ ਹੋਏ ਦਿਹਾੜੇ ਅਜੇ ਤੱਕ ਆਪਣਾ ਪ੍ਰਭਾਵ ਪਾਈ ਆ ਰਹੇ ਹਨ।

ਸੂਰਜ ਅਤੇ ਚੰਦਰਮਾ ਨਾਲ ਸੰਬੰਧ ਰੱਖਣ ਵਾਲੇ ਹੇਠ ਲਿਖੇ ਦਸ ਦਿਨ ਪਵਿੱਤਰ ਸਮਝੇ ਜਾਂਦੇ ਹਨ –

ਸੂਰਜ ਗ੍ਰਹਿਣ, ਚੰਦ-ਗ੍ਰਹਿਣ, ਮੱਸਿਆ, ਪੁੰਨਿਆ, ਚਾਨਣਾ ਐਤਵਾਰ, ਸੰਗ੍ਰਾਂਦ, ਦੋ ਇਕਾਦਸ਼ੀਆਂ ਤੇ ਦੋ ਅਸ਼ਟਮੀਆਂ। ਇਨ੍ਹਾਂ ਦਸ ਦਿਨਾਂ ਨੂੰ ਪੁਰਬ (ਪਵਿੱਤਰ ਦਿਨ) ਮੰਨਿਆ ਹੈ।

ਸੂਰਜ ਦੇਵਤਾ ਨਾਲ ਸੰਬੰਧ ਰੱਖਣ ਵਾਲੇ ਇਨ੍ਹਾਂ ਵਿੱਚੋਂ ਸਿਰਫ ਦੋ ਦਿਨ ਹਨ 'ਸੂਰਜ ਗ੍ਰਹਿਣ' ਤੇ 'ਸੰਗ੍ਰਾਂਦ'। ਬਾਕੀ ਦੇ ਦਿਨ ਚੰਦਰਮਾ ਦੇ ਹਨ। ਚਾਨਣਾ ਐਤਵਾਰ ਚੰਦ ਅਤੇ ਸੂਰਜ ਦੋਹਾਂ ਦਾ ਹੈ। ਵੱਖ ਵੱਖ ਦੇਵਤਿਆਂ ਦੀ ਥਾਂ ਇੱਕ ਪ੍ਰਮਾਤਮਾ ਦੀ ਪੂਜਾ ਦਾ ਰਿਵਾਜ ਵਧਣ ਤੇ ਭੀ ਇਨ੍ਹਾਂ ਦਸ ਪੁਰਬਾਂ ਦੀ ਰਾਹੀਂ ਇਨ੍ਹਾਂ ਦੇ ਦੇਵਤਿਆਂ ਦੀ ਪੂਜਾ ਤੇ ਪਿਆਰ ਅੱਜ ਤੱਕ ਕਾਇਮ ਹੈ।

ਇਸ ਪ੍ਰਭਾਵ ਦੀ ਡੂੰਘਾਈ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੀ ਤਾਲੀਮ ਦੀ ਬਰਕਤ ਨਾਲ ਜੋ ਲੋਕ 'ਅਨਯ ਪੂਜਾ' ਛੱਡ ਕੇ ਇੱਕ ਅਕਾਲ ਪੁਰਖ ਨੂੰ ਮੰਨਣ ਵਾਲੇ ਹੋ ਚੁੱਕੇ ਸਨ ਉਹ ਭੀ ਅਜੇ ਸੂਰਜ ਦੀ ਯਾਦ ਮਨਾਣੀ ਨਹੀਂ ਛੱਡ ਸਕੇ। ਲਫਜ਼ 'ਸੰਗ੍ਰਾਂਦ' ਸੰਸਕ੍ਰਿਤ ਦੇ ਸਾਂਕ੍ਰਾਂਤ ਦਾ ਵਿਗਾੜ ਹੈ, ਇਸ ਦਾ ਅਰਥ ਹੈ, ਸੂਰਜ ਦਾ ਇੱਕ ਰਾਸ਼ੀ ਤੋਂ

ਦੂਜੀ ਵਿੱਚ ਲੰਘਣਾ। ਬਿਕ੍ਰਮਾਜੀਤੀ ਸਾਲ ਦੇ ਇਨ੍ਹਾਂ ਬਾਰਾਂ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਦੇ ਨਾਲ ਹੈ। ਹਰ ਦੇਸੀ ਮਹੀਨੇ ਦੀ ਪਹਿਲੀ ਤਰੀਕ ਨੂੰ ਸੂਰਜ ਇੱਕ ਰਾਸ਼ੀ ਨੂੰ ਛੱਡ ਕੇ ਦੂਜੀ ਵਿੱਚ ਪੈਰ ਧਰਦਾ ਹੈ। ਬਾਰਾਂ ਮਹੀਨੇ ਹਨ ਅਤੇ ਬਾਰਾਂ ਹੀ ਰਾਸ਼ੀਆਂ ਹਨ। ਜੋ ਲੋਕ ਸੂਰਜ ਦੇਵਤਾ ਦੇ ਉਪਾਸ਼ਕ ਹਨ, ਉਨ੍ਹਾਂ ਲਈ ਹਰੇਕ ਸੰਗ੍ਰਾਂਦ ਦਾ ਦਿਨ ਪਵਿੱਤਰ ਹੈ, ਕਿਉਂ ਕਿ ਇਸ ਦਿਨ ਸੂਰਜ ਦੇਵਤਾ ਇੱਕ ਰਾਸ਼ੀ ਨੂੰ ਛੱਡ ਕੇ ਦੂਜੀ ਵਿੱਚ ਆਉਂਦਾ ਹੈ। ਇਸ ਦਿਨ ਖਾਸ ਉਚੇਚਾ ਪੂਜਾ ਪਾਠ ਕੀਤਾ ਜਾਂਦਾ ਹੈ, ਤਾਂ ਜੋ ਸੂਰਜ ਦੇਵਤਾ ਇਸ ਨਵੀਂ ਰਾਸ਼ੀ ਵਿੱਚ ਰਹਿ ਕੇ ਉਪਾਸ਼ਕ ਲਈ ਸਾਰਾ ਮਹੀਨਾ ਚੰਗਾ ਲੰਘਾਏ।

ਆਪਣੇ ਦੇਸ਼ ਦੇ 'ਲੋਕ ਗੀਤਾਂ' ਨੂੰ ਗਹੁ ਨਾਲ ਵੇਖੋ, ਜੀਵਨ ਪੰਧ ਦੀ ਹਰੇਕ ਝਾਕੀ ਨਾਲ ਸੰਬੰਧ ਰੱਖਦੇ ਹਨ- ਘੋੜੀਆਂ, ਸੁਹਾਗ, ਕਾਮਣ, ਸਿੱਠਣੀਆਂ, ਛੰਦ, ਗਿੱਧਾ, ਲਾਵਾਂ ਤੇ ਅਲਾਹੁਣੀਆਂ ਆਦਿਕ ਹਰੇਕ ਕਿਸਮ ਦੇ ਗੀਤ ਮਿਲਦੇ ਹਨ, ਰੁੱਤਾਂ ਦੇ ਬਦਲਣ ਤੇ ਹੀ ਨਵੀਆਂ ਨਵੀਆਂ ਰੁੱਤਾਂ ਦੇ ਨਵੇਂ ਨਵੇਂ ਲੋਕ ਗੀਤ, ਬੋਲੀਆਂ, ਸਾਂਵਿਆਂ ਆਦਿਕ ਦੇ ਗੀਤ। ਇਸੇ ਤਰਾਂ ਕਵੀਆਂ ਨੇ ਦੇਸ਼ ਵਾਸੀਆਂ ਦੇ ਜੀਵਨ ਵਿੱਚ ਨਵਾਂ ਨਵਾਂ ਹੁਲਾਰ ਪੈਦਾ ਕਰਨ ਲਈ 'ਵਾਰਾਂ' ਸਿ- ਹਰਫੀਆਂ ਅਤੇ ਬਾਰਾਂ-ਮਾਹ ਪੜ੍ਹਨ ਸੁਣਨ ਦਾ ਰਿਵਾਜ ਪੈਦਾ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਿੱਚ ਇੱਕ ਨਵਾਂ ਜੀਵਨ ਪੈਦਾ ਕਰਨਾ ਸੀ। ਵਾਰਤਕ ਨਾਲੋਂ ਕਵਿਤਾ ਵਧੀਕ ਖਿੱਚ ਪਾਂਦੀ ਹੈ। ਕਵਿਤਾ ਦੇ ਜੋ ਛੰਦ ਪੰਜਾਬ ਵਿੱਚ ਵਧੇਰੇ ਪ੍ਰਚਲਤ ਸਨ, ਸਤਿਗੁਰੂ ਜੀ ਨੇ ਉਹੀ ਵਰਤੇ। ਇੱਕ ਬਾਰਾਂ- ਮਾਹ ਭੀ ਉਚਾਰਿਆ, ਜੋ ਤੁਖਾਰੀ ਰਾਗ ਵਿੱਚ ਦਰਜ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੀ ਇੱਕ ਬਾਰਾਂ ਮਾਹ ਲਿਖਕੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ। ਪਰ ਇਨ੍ਹਾਂ ਦੋਨਾਂ ਬਾਰਾਂ ਮਾਹਾਂ ਦਾ ਸੂਰਜ ਦੀ ਸੰਗ੍ਰਾਂਦ ਨਾਲ ਕੋਈ ਸੰਬੰਧ ਨਹੀਂ ਸੀ ਰੱਖਿਆ ਗਿਆ, ਇਹ ਤਾਂ ਦੇਸ਼ ਵਿੱਚ ਪ੍ਰਚਲਤ ਕਾਵਿ-ਛੰਦਾਂ ਵਿਚੋਂ ਇੱਕ ਕਿਸਮ ਸੀ। ਸਾਰੀ ਬਾਣੀ ਵਿੱਚ ਕਿਤੇ ਕੋਈ ਐਸਾ ਬਚਨ ਨਹੀਂ ਮਿਲਦਾ ਜਿਥੇ ਸਤਿਗੁਰੂ ਜੀ ਨੇ ਸਧਾਰਨ ਦਿਨਾਂ ਵਿੱਚੋਂ ਕਿਸੇ ਖਾਸ 'ਦਿਨ' ਦੇ ਚੰਗੇ ਜਾਂ ਮੰਦੇ ਹੋਣ ਦਾ ਵਿਤਕਰਾ ਦੱਸਿਆ ਹੋਵੇ।

ਕਈ ਲੋਕ ਇਹ ਖਿਆਲ ਕਰਦੇ ਹਨ ਕਿ ਸੰਗ੍ਰਾਂਦ ਆਦਿਕ ਦਿਨ ਉਚੇਚੇ ਮਨਾਏ ਜਾਣੇ ਚਾਹੀਦੇ ਹਨ, ਤਾਂ ਜੋ ਇਸ ਬਹਾਨੇ ਹੀ ਉਹ ਲੋਕ ਭੀ ਆਪਣੇ ਧਰਮ ਅਸਥਾਨਾਂ ਤੇ ਆ ਕੇ ਕੁਝ ਸਮਾਂ ਆਪਣੇ ਪ੍ਰਭੂ ਦੀ ਯਾਦ ਵਿੱਚ ਗੁਜਾਰ ਸਕਣ, ਜੋ ਅੱਗੇ ਪਿੱਛੇ ਕਦੇ ਵਿਹਲ ਨਹੀਂ ਕੱਢਦੇ। ਪਰ, ਇਹ ਖਿਆਲ ਬਹੁਤ ਹੱਦ ਤੱਕ ਕੁਰਾਹੇ ਪਾ ਦੇਂਦਾ ਹੈ। ਮਨੁੱਖ ਦਾ 'ਅਸਲਾ' ਉਸਦੇ ਨਿਰੇ ਬਾਹਰਲੇ ਕੰਮਾਂ ਤੋਂ ਜਾਚਿਆ ਨਹੀਂ ਜਾ ਸਕਦਾ। ਇੱਕ ਮਨੁੱਖ ਕਿਸੇ ਦੀਵਾਨ ਆਦਿਕ ਦੇ ਸਮੇਂ ਕਿਸੇ ਧਾਰਮਿਕ ਪੰਥਕ ਕਾਰਜ ਲਈ ਕੁਝ ਧਨ ਦਾਨ ਕਰਦਾ ਹੈ, ਪਰ ਨਿਰੇ ਦਾਨ ਤੋਂ ਇਹ ਅੰਦਾਜਾ ਲਗਾਣਾ ਗਲਤ ਹੈ ਕਿ ਮਨੁੱਖ ਮਨੁੱਖਤਾ ਦੇ ਮਾਪ ਵਿੱਚ ਪੂਰਾ ਉਤਰ ਰਿਹਾ ਹੈ। ਹੋ ਸਕਦਾ ਹੈ ਕਿ ਉਹ ਧਨਾਢ ਮਨੁੱਖ ਲੋਕਾਂ ਵਿੱਚ ਸਿਰਫ ਸ਼ੋਭਾ ਖੱਟਣ ਦੀ ਖ਼ਾਤਰ ਇਹ ਦਾਨ ਕਰਦਾ ਹੋਵੇ, ਤੇ ਇਸ ਤਰਾਂ ਇਹ ਦਾਨ ਉਸਦੀ ਹਉਮੈ ਨੂੰ ਵਧਾਈ ਜਾਂਦਾ ਹੋਵੇ, ਤੇ ਇਨਸਾਨੀਅਤ ਤੋਂ ਇਸਨੂੰ ਗਿਰਾਈ ਜਾਂਦਾ ਹੋਵੇ। 'ਦਾਨ' ਆਦਿਕ ਧਾਰਮਿਕ ਕੰਮ ਦਾ ਅਸਰ ਮਨੁੱਖ ਦੇ ਜੀਵਨ ਉੱਤੇ ਉਹੋ ਜਿਹਾ ਹੀ ਪੈ ਸਕਦਾ ਹੈ ਜੈਸੀ ਉਸਦੀ ਉਸ ਕੰਮ ਦੇ ਕਰਨ ਵੇਲੇ ਨੀਯਤ ਹੋਵੇ।

ਏਸੇ ਤਰਾਂ ਜਦੋਂ ਮਨੁੱਖ ਸੰਗ੍ਰਾਂਦ ਨੂੰ ਇੱਕ ਉਚੇਚਾ ਭਾਗਾਂ ਵਾਲਾ ਸ਼ੁਭ ਦਿਹਾੜਾ ਸਮਝਦਾ ਹੈ ਅਤੇ ਧਰਮ ਅਸਥਾਨਾਂ ਤੇ ਜਾਂਦਾ ਹੈ, ਉਹ ਇਸ ਦਿਨ ਇਹ ਭੀ ਤਾਂਘ ਰੱਖਦਾ ਹੈ ਕਿ ਇਸ 'ਵਰੇ-ਦਿਨ ਦੇ ਦਿਨ' ਕਿਸੇ ਭਲੇ ਦੇ ਮੱਥੇ ਲੱਗਾਂ। ਸੋ ਉਹ ਉਸ ਦਿਨ ਕਿਸੇ ਖਾਸ ਮਨੁੱਖ ਦੇ ਮੂੰਹੋਂ 'ਮਹੀਨਾ' ਸੁਣਦਾ ਹੈ। ਜੇ ਉਸ ਸਾਰੇ ਮਹੀਨੇ ਵਿੱਚ ਕੋਈ ਕਸ਼ਟ ਤਕਲੀਫ ਆ ਪਏ ਤਾਂ ਸਹਿਜ ਸੁਭਾਇ ਆਖਦਾ ਹੈ ਕਿ ਐਤਕੀਂ ਵਰ੍ਹੇ-ਦਿਨ ਦੇ ਦਿਨ ਫਲਾਣਾ ਚੰਦਰਾ ਬੰਦਾ ਮੱਥੇ ਲੱਗਾ ਸੀ। ਜਿਸ ਵਹਿਮ-ਪ੍ਰਸਤੀ ਨੂੰ ਹਟਾਉਣ ਲਈ, ਜੋ ਵਿਤਕਰੇ ਦੂਰ ਕਰਨ ਲਈ, ਸਿੱਖ ਨੇ ਗੁਰਦੁਆਰੇ ਵਿੱਚ ਜਾਣਾ ਹੈ, ਇਸ ਸੰਗ੍ਰਾਂਦ ਦੇ ਮਨਾਣ ਨਾਲ ਉਹ ਵਹਿਮ- ਪ੍ਰਸਤੀ ਤੇ ਵਿਤਕਰੇ ਸਗੋਂ ਵਧਦੇ ਹਨ।

ਅਸਲ ਗੱਲ ਤਾਂ ਇਹ ਹੈ ਕਿ ਹਰੇਕ ਮਨੁੱਖ ਵਿੱਚ ਰੱਬ ਦੀ ਜੋਤ ਹੈ ਤੇ ਹਰੇਕ ਦਿਨ ਇਕੋ ਜਿਹਾ ਹੈ। ਭਾਗਾਂ ਵਾਲਾ ਸਮਾਂ ਸਿਰਫ ਉਹੀ ਹੈ ਜਦੋਂ ਮਨੁੱਖ ਨੂੰ ਪ੍ਰਮਾਤਮਾ ਚੇਤੇ ਆਉਂਦਾ ਹੈ। ਕਿਸੇ ਖਾਸ ਦਿਹਾੜੇ ਨਹੀਂ ਸਗੋਂ ਹਰ ਰੋਜ਼ ਸਵੇਰੇ ਉਠ ਕੇ ਅਰਦਾਸ ਇਉਂ ਹੋਣੀ ਚਾਹੀਦੀ ਹੈ, 'ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।'

***(ਬਾਕੀ ਪੰਨਾ 29 'ਤੇ)***

# ਨਵੇਕਲਾ ਹੋਲਾ

*[ਪ੍ਰਿੰ. ਸੱਜਣ ਸਿੰਘ ਜੀ]*

ਤਿਉਹਾਰ ਧਰਮ ਦੇ ਚਿੰਨ੍ਹ ਹੁੰਦੇ ਹਨ, ਜਿਨਾਂ ਤੋਂ ਧਰਮ ਦੇ ਸਮਾਜਕ ਤੇ ਅਧਿਆਤਮਕ ਸਰੂਪ ਦਾ ਗਿਆਨ ਹੁੰਦਾ ਹੈ। ਇਹ ਨਵੀਂ ਪਨੀਰੀ ਦੇ ਵਿਚਾਰਾਂ ਦੀ ਘਾੜਤ ਲਈ ਵੀ ਸਹਾਇਕ ਹਨ। ਇਨ੍ਹਾਂ ਬਗੈਰ ਧਰਮ ਦਾ ਫੁੱਲਤ ਹੋਣਾ ਕਠਨ ਹੈ ਅਤੇ ਧਰਮ ਦੇ ਪੈਰੋਕਾਰਾਂ ਦੀ ਜੀਵਨ -ਜੁਗਤਿ ਵਿਚਾਰਧਾਰਾ, ਰਹਿਣ-ਸਹਿਣ, ਮਿਲਵਰਤਣ, ਮਾਨਸਿਕ ਰੁਚੀ ਆਦਿ ਦਾ ਪ੍ਰਗਟਾਵਾ ਸਹਜੇ ਹੀ ਦੇਖਣ ਵਿਚ ਆਉਂਦਾ ਹੈ। ਵਿਦੇਸ਼ੀਆਂ ਨੇ ਭਾਰਤ ਦੇ ਵੱਖ ਵੱਖ ਧਰਮਾਂ ਦੇ ਤਿਉਹਾਰਾਂ ਤੋਂ ਭਾਰਤੀਆਂ ਦੀਆਂ ਸਰੀਰਕ ਸਰਗਰਮੀਆਂ, ਵਾਦੀਆਂ ਗੁਣਾਂ, ਅੰਗਣਾ, ਆਦਿ ਦਾ ਜਾਇਜ਼ਾ ਲਿਆ ਹੈ। ਹਮਲਾਵਰਾਂ ਨੇ ਵਿਸ਼ੇਸ਼ ਤੌਰ 'ਤੇ ਭਾਰਤੀ ਸਭਿਯਤਾ ਦੀਆਂ ਊਣਤਾਈਆਂ ਦਾ ਲਾਭ ਉਠਾਇਆ ਹੈ ਤੇ ਉਨਾਂ ਨੂੰ ਲੁੱਟਣ, ਖੋਹਣ, ਅਧੀਨ ਕਰਨ ਤੇ ਰਾਜ ਕਰਨ ਵਿਚ ਖਾਸ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪਿਆ।

ਇਸ ਤਰਾਂ ਦਾ ਇਕ ਤਿਉਹਾਰ ਹੋਲੀ ਸੀ 'ਤੇ ਹੁਣ ਵੀ ਉਸੇ ਰੂਪ ਵਿਚ ਹੈ, ਜਿਹੜਾ ਬਹੁਤ ਲੰਮੇ ਸਮੇਂ ਤੋਂ ਮਰਦਾਂ, ਇਸਤਰੀਆਂ, ਬੱਚਿਆਂ, ਬੁੱਢਿਆਂ, ਅਮੀਰਾਂ ਤੇ ਗਰੀਬਾਂ ਦੁਆਰਾ ਹੱਸਣ, ਖੇਡਣ, ਰੰਗ ਤੇ ਮਲੀਨ ਪਾਣੀ ਨਾਲ ਹੋਲੀ ਖੇਡਣ ਨਾਲ ਮਨਾਇਆ ਜਾਂਦਾ ਰਿਹਾ ਹੈ। ਇਕ ਸੁਤੰਤਰ ਕੌਮ, ਆਜਾਦ ਪੰਛੀ ਵਾਂਗਰ ਹੋਲੀ ਨੂੰ ਆਪਣੀ ਖੁਸ਼ੀ ਪ੍ਰਗਟਾਉਣ ਦਾ ਸਾਧਨ ਬਣਾਉਂਦੀ ਤਾਂ ਅਰਥ ਭਰਪੂਰ ਅਖਵਾਉਣ ਦੀ ਹੱਕਦਾਰ ਸੀ ਪਰ ਲਗਾਤਾਰ ਗੁਲਾਮੀ ਵਿੱਚ ਜਕੜੀ, ਬਿਗਾਨੀ ਚਾਕਰੀ ਵਿੱਚ ਬੇਬਸ ਹੋ ਕੇ ਉਮਰ ਬਿਤਾਉਂਦੀ, ਅਣਖ, ਗੈਰਤ ਤੋਂ ਬਿਰਵੀ ਜਾਤੀ ਮਾਨਸਿਕ ਖੁਸ਼ੀ ਤੇ ਆਤਮਕ ਖੇੜਾ ਕਿਵੇਂ ਮਾਣ ਸਕਦੀ ਸੀ? ਇਹ ਰੰਗਾ ਰੰਗੀ ਦੀ ਕਾਰ ਨਿਰਾ ਕਰਮ ਕਾਂਡ ਤੇ ਦਿਖਾਵਾ ਸੀ ਜਿਸ ਵਿਚ ਕੁਦਰਤੀ ਉਮਾਹ, ਚਾਅ ਤੇ ਹੁਲਾਰੇ ਦੀ ਹੋਂਦ ਨਹੀਂ ਸੀ।

ਗੁਰੂ ਨਾਨਕ ਜੋਤਿ ਨੇ ਐਸੇ ਕੱਚੇ ਕਸੁੰਭੜ ਰੰਗ ਦੀ ਨਿਖੇਧੀ ਕੀਤੀ, ਜਿਹੜਾ ਸੰਸਾਰਕ ਕਪੜੇ ਰੰਗਣ ਤੋ ਅਗੇ ਨਹੀਂ ਸੀ ਜਾ ਸਕਦਾ। ਨਾਮ ਮਜੀਠੜੇ ਰੰਗ ਨਾਲ ਕਾਇਆ ਰੰਗਣ ਦਾ ਪਾਵਨ ਉਪਦੇਸ਼ ਹਜ਼ੂਰ ਦਾ ਸੀ।

*ਕਾਇਆ ਰੰਙਣਿ ਜੇ ਥੀਐ ਪਿਆਰੇ,*
*ਪਈਐ ਨਾਉ ਮਜੀਠ॥*
*ਰੰਙਣ ਵਾਲਾ ਜੇ ਰੰਙੈ*
*ਸਾਹਿਬੁ ਐਸਾ ਰੰਗੁ ਨ ਡੀਠ॥ ਅੰਗ - ੭੨੧-੨੨*

ਸਾਧਾਰਨ ਪੁਰਸ਼ ਦੇ ਮਨ ਤੇ ਮਾਇਆ ਦੀ ਮੈਲ ਹੋਣ ਕਰਕੇ ਉਸ ਨੂੰ ਮਾਇਆ ਦੀ ਵਡਿਆਈ ਬਿਨਾਂ ਹੋਰ ਕੁਛ ਵੀ ਦਿਖਾਈ ਨਹੀਂ ਦਿੰਦਾ। ਮਾਇਆ ਦੇ ਨਸ਼ੇ ਵਿੱਚ ਅੰਨਾ ਪੁਰਸ ਭਲਾ ਰੰਗ ਦੀ ਕਿਵੇਂ ਪਛਾਣ ਕਰ ਸਕਦਾ ਹੈ? ਇਹ ਤਾਂ ਸਤਿਗੁਰੂ ਦੀ ਨਦਰਿ ਰਹਿਮਤ ਹੈ ਕਿ -

*ਮਨੁ ਰੰਗਹੁ ਵਡਭਾਗੀਹੋ, ਗੁਰੁ ਤੁਠਾ ਕਰੇ ਪਸਾਉ॥*
*ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥*
*ਬਿਨੁ ਸਤਿਗੁਰ ਹਰਿ ਨਾਮੁ ਨ ਲਭਈ*
*ਲਖ ਕੋਈ ਕਰਮ ਕਮਾਉ॥੨॥ ਅੰਗ - ੪੦*

ਗੁਰਦੇਵ ਜੀ ਨੇ ਆਪਣੇ ਮੁਬਾਰਕ ਬਚਨਾਂ ਦੁਆਰਾ ਸਾਨੂੰ ਮੂਰਖ ਮੁਗਧਾਂ ਨੂੰ ਸਮਝਾਇਆ ਕਿ ਇਹ ਮਨਾਈ ਹੋਲੀ ਨਾਮ-ਸੁਗੰਧ ਹੀਨ ਹੈ ਤੇ ਵਾਸਤਵ ਵਿਚ ਰੀਤੀ ਨਹੀਂ ਬਿਪਰੀਤ ਹੈ। ਗੁਰਮੁਖ ਜਨ ਕੱਚੇ ਰੰਗ ਨਾਲ ਹੋਲੀ ਨਹੀਂ ਖੇਡਦੇ। ਉਨਾਂ ਨੂੰ ਐਸੀ ਹੋਲੀ ਭਾਉਂਦੀ ਹੈ ਜਿਸ ਦਾ ਸਰੂਪ ਨਿਵੇਕਲਾ ਤੇ ਸਰਬੋਤਮ ਹੋਵੇ, ਜਿਹੜੀ ਪਵਿੱਤਰਤਾ ਤੇ ਸਹਜ ਦੀ ਮੁਜੱਸਮਾ ਹੋਵੇ, ਮੁਬਾਰਕ ਹੈ -

*ਆਜੁ ਹਮਾਰੈ ਬਨੇ ਫਾਗ॥*
*ਪ੍ਰਭ ਸੰਗੀ ਮਿਲਿ ਖੇਲਨ ਲਾਗ॥*
*ਹੋਲੀ ਕੀਨੀ ਸੰਤ ਸੇਵ॥*
*ਰੰਗੁ ਲਾਗਾ ਅਤਿ ਲਾਲ ਦੇਵ॥੨॥*

*ਮਨੁ ਤਨੁ ਮਉਲਿਓ ਅਤਿ ਅਨੂਪ॥*
*ਸੂਕੈ ਨਾਹੀ ਛਾਵ ਧੂਪ॥*
*ਸਗਲੀ ਰੂਤੀ ਹਰਿਆ ਹੋਇ॥*
*ਸਦ ਬਸੰਤ ਗੁਰ ਮਿਲੇ ਦੇਵ॥੩॥ ਅੰਗ - ੧੧੮੦*

ਐਸੀ ਹੋਲੀ ਨਾਲ ਸਤਿਸੰਗੀਆਂ ਦਾ ਤਨ ਮਨ ਖਿੜਦਾ ਹੈ, ਵਿਗਸਦਾ ਹੈ, ਦੁਖਾਂ ਸੁਖਾਂ ਵਿੱਚ ਸੁੱਕਦਾ ਨਹੀ। ਬਾਰਾਂ ਮਾਸ ਹਰਿਆ ਰਹਿੰਦਾ ਹੈ, ਮਾਇਆ ਦੀ ਅਗਨੀ ਨਾਲ ਜਲਦਾ ਨਹੀਂ।

ਪ੍ਰਹਿਲਾਦ ਤੇ ਹਰਨਾਖਸ ਦੀ ਜੰਗ, ਸੱਚ ਤੇ ਝੂਠ ਦੀ ਸੀ, ਆਸਤਕਤਾ ਤੇ ਨਾਸਤਕਤਾ ਦੀ ਸੀ। ਹਕੀਕਤ ਵਿਚ ਇਹ ਜੰਗ ਨਹੀਂ, ਇਕ ਤਰਫਾ ਜ਼ੁਲਮ ਤੇ ਤੱਸ਼ਦਦ ਸੀ, ਜਿਹੜਾ ਪ੍ਰਹਿਲਾਦ ਨੇ ਖਿੜੇ ਮੱਥੇ ਪਰਵਾਨ ਕੀਤਾ। ਸਾਰੀ ਹਉਮੈ ਦੀ ਖੇਡ ਸੀ, ਜਿਸ ਵਿਚ ਸਾਰੀ ਖਲਕਤ ਨੂੰ ਚੁਪ ਚਾਪ ਹੁਕਮ ਬਜਾਉਣ ਦੀ ਆਦਤ ਪੈ ਗਈ ਸੀ। ਹਰਨਾਖਸ ਨੂੰ ਆਪਣੀ ਹਾਰ ਮੰਨਕੇ ਪ੍ਰਭੂ ਦੀ ਸ਼ਰਨੀ ਡਿਗਣ ਦੇ ਬਹੁਤ ਮੌਕੇ ਮਿਲੇ ਪਰ ਪੱਥਰ ਦਿਲ ਬਿਲਕੁਲ ਨਹੀਂ ਦ੍ਰਵਿਆ ਤੇ ਰੱਬੀ ਸ਼ਕਤੀ ਨੂੰ ਚੁਨੌਤੀ ਦਿੰਦਾ ਰਿਹਾ। ਪ੍ਰਹਿਲਾਦ ਦੀ ਰੱਖਿਆ ਤੇ ਹੋਲਿਕਾ ਦੀ ਮ੍ਰਿਤੂ ਦੀ ਘਟਨਾ ਸਚਾਈ ਦੀ ਝੂਠ ਤੇ ਸਬਰ ਦੀ ਜਬਰ ਤੇ ਨਿਮਰਤਾ ਦੀ ਹੰਕਾਰ ਤੇ, ਮਹਾਨ ਜਿੱਤ ਸੀ। ਇਸ ਦਾ ਸਾਰ ਹਰਿ ਨਾਮ ਦੀ ਵਡਿਆਈ ਅਕਾਲ ਪੁਰਖ ਦੀ ਸਰਬ ਕਾਲੀ ਸਮੱਰਥਾ ਦਾ ਪਰਤੱਖ ਪਰਮਾਣ ਸੀ। ਪਰ ਹੋਲੀ ਨੇ ਆਪਣਾ ਰੂਪ ਐਸਾ ਬਣਾ ਲਿਆ ਸੀ ਜਿਸ ਵਿੱਚ ਦੋਨਾਂ ਹੀ ਗੁਣਾਂ ਦੀ ਬਹੁਤ ਘਾਟ ਸੀ।

***ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।***
***ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੌਨਾ ਟੋਲਾ ਹੈ।***
***ਸੁਭਟ ਸੁਚਾਲਾ ਅਰ ਲਖਬਾਂਹਾ ਕਲਗਾ ਸਿੰਘ ਸੁਚੋਲਾ ਹੈ।***
***ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।***

ਕਵਿਤਾ ਦੇ ਇਹ ਛੰਦ ਹੋਲਾ ਮਹਲਾ ਮਨਾਉਣ ਵਾਲੇ ਗੁਰਸਿਖਾਂ ਦੀ ਰਹਿਣੀ ਬਹਿਣੀ ਦੀ ਬਹੁਤ ਹੱਦ ਤਕ ਸਹੀ ਤਸਵੀਰ ਉਜਾਗਰ ਕਰਦੇ ਹਨ। ਹੋਲਾ ਬੋਲਾ ਹੈ, ਹੋਲੀ ਦੀਆਂ ਕਮੀਆਂ ਤੋਂ ਸੱਖਣਾ, ਅਣਖ ਦਾ ਪੁਤਲਾ ਹੈ। ਉੱਦਮ ਦਲੇਰੀ, ਚੜ੍ਹਦੀ ਕਲਾ ਤੇ ਬੀਰ ਰਸ ਦਾ ਸਰੋਤ ਆਪਣੇ ਆਪ ਵਿਚ ਵਾਹਦ ਮਿਸਾਲ ਹੈ।

ਇਹ ਉਹ ਟਕਸਾਲ ਹੈ, ਜਿੱਥੇ ਸਾਧਾਰਨ ਮਨੁੱਖ ਦੀ ਘਾੜਤ ਘੜੀ ਜਾਂਦੀ ਹੈ। ਅਨੰਦਪੁਰ ਸਾਹਿਬ ਸ਼ਸ਼ਤਰਾਂ ਦੇ ਅਭਿਆਸ ਦਾ ਕੇਂਦਰ ਹੈ। ਸਾਬਤ ਸੂਰਤ, ਸੁੰਦਰ ਸਰੂਪ, ਸੰਤ ਸਿਪਾਹੀ, ਦਸਤਾਰ ਸਿਰਾ, ਬਹੁਪੱਖੀ ਗੁਣਾਂ ਦੇ ਮਾਲਕ, ਆਦਰਸ਼ਕ ਮਨੁੱਖ ਦਾ ਜਨਮ ਅਸਥਾਨ ਹੈ। ਹੋਲਾ ਮਹਲਾ ਬੀਰਤਾ ਦਾ ਚਿੰਨ੍ਹ ਹੈ ਤੇ ਮਹਾਨ ਇਨਕਲਾਬੀ ਪ੍ਰੀਤਮ ਦੇ ਨਵੀਨ ਸੁਪਨੇ ਦਾ ਚਿੱਤਰ ਹੈ। ਸੰਤ-ਸਿਪਾਹੀ, ਨਾਮ, ਇਖਲਾਕ ਤੇ ਸ਼ਕਤੀ ਦਾ ਸੁਮੇਲ ਹੈ, ਇਸ ਨੂੰ ਪਰਉਪਕਾਰ ਕਰਨ ਵਿਚ ਅਗੰਮੀ ਰਸ ਤੇ ਚਾਅ ਪ੍ਰਾਪਤ ਹੁੰਦਾ ਹੈ।

ਕਲਗੀਧਰ ਦਸ਼ਮੇਸ਼ ਪਿਤਾ ਨੇ ਦੋ ਤਰ੍ਹਾਂ ਦੀ ਹੋਲੀ ਖੇਡੀ।

੧. ਖਾਲਕ ਨਾਲ ਸਬੰਧਤ

੨. ਖਲਕਤ ਨਾਲ ਸਬੰਧਤ।

ਇਕ ਨਮੂਨੇ ਦੀ ਹੋਲੀ, ਦੂਜੇ ਨਮੂਨੇ ਦਾ ਹੋਲਾ। ਦਾਤਾਰ ਪਿਤਾ ਨੇ ਉਹ ਪਿਚਕਾਰੀ ਵਰਤੀ ਜਿਸ ਨਾਲ ਆਪਣੇ ਹੱਥਾਂ ਦੁਆਰਾ ਗੁਲਾਲ ਉਡਾਕੇ ਸਾਰੀ ਕਾਇਨਾਤ, ਧਰਤੀ ਤੇ ਆਕਾਸ਼ ਦੋਨੋਂ ਜਹਾਨ ਨਾਮ ਰੰਗ ਨਾਲ ਰੰਗ ਦਿੱਤੇ। ਆਪਣੀ ਮਿਹਰ ਦੀ ਪਿਚਕਾਰੀ ਨਾਲ ਸਾਰੇ ਜੀਵ ਨਾਮ ਰੱਤੜੇ ਬਣਾ ਦਿੱਤੇ।

***ਗੁਲਾਲ ਅਫ਼ਸ਼ਾਨੀ ਅਜ਼ ਦਸਤੇ ਮੁਬਾਰਕ॥***
***ਜ਼ਮੀਨੋ ਅਸਮਾਂ ਰਾ ਸੁਰਖ਼ਰੂ ਕਰਦ॥***
***ਦੁ ਆਲਮ .ਗਸ਼ਤ ਰੰਗੀਂ ਅਜ਼ ਤੁਫੈਲਸ।***
***ਚੁ ਸ਼ਾਹਮ ਜਾਮਹ ਰੰਗੀ ਦਰ ਗੁਲੂ ਕਰਦ॥***
***(ਦੀਵਾਨ ਗੋਯਾ ਭਾਈ ਨੰਦ ਲਾਲ ਜੀ)***

ਦੂਜਾ ਨਮੂਨੇ ਦਾ ਹੋਲਾ, ਪਰਉਪਕਾਰ ਭਲਾਈ, ਕੁਰਬਾਨੀ ਆਪਾ ਵਾਰਨ, ਸ਼ਹਾਦਤ ਨਾਲ ਸਬੰਧਤ ਹੈ। ਸਾਰਾ ਸੰਸਾਰ ਕੱਚੇ ਲਾਲ ਰੰਗ ਨਾਲ ਖੇਡ ਕੇ ਪ੍ਰਸੰਨ ਹੁੰਦਾ ਰਿਹਾ ਪਰ ਧੰਨ ਹਨ ਦਾਤਾਰ ਪਿਤਾ ਜੀ ਕਿ ਆਪ ਉਮਰ ਭਰ ਖ਼ੂਨ ਨਾਲ ਹੋਲੀ ਖੇਡਦੇ ਰਹੇ। ਖਾਲਸਾ ਦੁਨਿਆਵੀ ਕ੍ਰਿਤ ਨਹੀਂ ਰੱਬੀ ਕ੍ਰਿਤ ਸੀ ਕਿਉਂਕਿ ਇਸ ਦੀ ਰਚਨਾ ਅਕਾਲ ਪੁਰਖ ਦੀ ਆਗਿਆ ਤੇ ਬਖ਼ਸ਼ਿਸ਼ ਦੁਆਰਾ ਹੋਈ ਸੀ। ਇਸ ਦੀ ਇਮਾਰਤ ਲਈ ਰੇਤਾ, ਸੀਮਿੰਟ, ਇੱਟਾਂ ਜਾਂ ਨਿਰਦੋਸ਼ਾਂ ਦੇ ਖ਼ੂਨ ਦੀ ਬਲੀ ਨਹੀਂ ਸੀ ਚਾਹੀਦੀ ਬਲਕਿ ਗੁਰਦੇਵ ਜੀ ਨੇ ਖਾਲਸੇ ਨੂੰ ਆਪਣਾ ਬਣਾਉਣ ਜਾਂ ਉਸ ਵਿੱਚ ਅਭੇਦ ਹੋਣ ਲਈ ਇਸ ਦੀ ਨੀਂਹ ਵਿੱਚ ਆਪਣੇ ਪਰਿਵਾਰ ਦਾ ਖ਼ੂਨ ਡੋਲ੍ਹਿਆ। ਪਿਤਾ ਮਾਤਾ ਤੇ ਸਾਹਿਬਜ਼ਾਦੇ ਖਾਲਸੇ ਲਈ ਵਾਰੇ ਤੇ ਅੰਤ ਨੂੰ ਆਪਣਾ ਆਪ ਵੀ ਕੁਰਬਾਨ ਕਰ ਦਿੱਤਾ।

ਆਪ ਜੀ ਨੇ ਆਪਣਾ ਨਿਵਾਸ ਖਾਲਸੇ ਵਿੱਚ ਕੀਤਾ ਸੀ। ਹੁਣ ਖਾਲਸੇ ਨੇ ਵੀ ਘੱਟ ਕੁਰਬਾਨੀ ਨਹੀਂ ਕੀਤੀ।

ਖ਼ੂਨ ਨਾਲ ਉਹ ਹੋਲੀ ਖੇਡੀ ਕਿ ਸਾਰੀ ਦੁਨੀਆਂ ਦੰਗ ਰਹਿ ਗਈ। ਮੁਗਲ ਹਕੂਮਤ ਮਾਰਦੀ ਰਹੀ ਪਰ ਸਿੱਖੀ ਨਹੀਂ ਮੁੱਕੀ।

ਜਦ ਮਹਾਂ ਸਿੰਘ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਉਸਨੇ ਤੇ ਉਹਦੇ ੪੦ ਸਾਥੀਆਂ ਨੇ ਆਪਣੇ ਖ਼ੂਨ ਨਾਲ ਭਰ ਕੇ ਪਿਚਕਾਰੀਆਂ ਚਲਾਈਆਂ ਤੇ ਆਪਣੇ ਆਪ ਨੂੰ ਸੁਰਖ਼ਰੂ ਕੀਤਾ। ਬਾਬਾ ਦੀਪ ਸਿੰਘ ਨੇ ਆਪਣਾ ਬਚਨ ਨਿਭਾਉਂਦਿਆਂ ਆਪਣਾ ਕੱਟਿਆ ਸੀਸ, ਖ਼ੂਨ ਨਾਲ ਰੰਗਿਆ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਸੁੱਟ ਕੇ ਮੁਗਲ ਰਾਜ ਦੀਆਂ ਜੜ੍ਹਾਂ ਵਿੱਚ ਤੇਲ ਪਾ ਦਿੱਤਾ। ਖਾਲਸੇ ਨੇ ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ ਵਿਚ ਆਪਣੀ ਰੱਤ ਪਾਣੀ ਵਾਂਗ ਵਗਾਈ। ਬੀਬੀਆਂ ਨੇ ਮਹਿੰਦੀ ਦੀ ਥਾਂ ਆਪਣੇ ਮਾਸੂਮ ਬੱਚਿਆਂ ਦੀ ਰੱਤ ਨਾਲ ਹੱਥ ਰੰਗੇ। ਸਿੱਖ ਇਤਿਹਾਸ ਬੇਅੰਤ ਕੁਰਬਾਨੀਆਂ ਰੰਗਿਆ ਹੋਇਆ ਹੈ ਜਿਨ੍ਹਾਂ ਵਿਚੋਂ ਬਹੁਤੀਆਂ ਕੁਰਬਾਨੀਆਂ ਦਾ ਪਤਾ ਹੀ ਨਹੀਂ, ਉਹ ਇਤਿਹਾਸ ਦਾ ਅੰਗ ਨਹੀਂ ਬਣ ਸਕੀਆਂ।

ਕਲਗੀਧਰ ਦਸ਼ਮੇਸ਼ ਪਿਤਾ ਜੀ ਦੇ ਸਦਕੇ, ਅਕਾਲ ਪੁਰਖ ਦੀ ਖਾਲਸ ਕ੍ਰਿਤ 'ਖਾਲਸਾ', ਹੁਣ ਤੱਕ ਅਣਖ ਤੇ ਇਨਸਾਫ਼ ਦੀ ਖਾਤਰ ਖ਼ੂਨ ਨਾਲ ਹੋਲੀ ਖੇਡ ਕੇ ਸਿਰਾਂ ਦੀ ਬਾਜ਼ੀ ਲਾਉਂਦਾ ਆਇਆ ਹੈ ਤੇ ਭਵਿੱਖ ਵਿੱਚ ਵੀ ਲਾਉਂਦਾ ਰਹੇਗਾ।

*(ਪੰਨਾ 26 ਦੀ ਬਾਕੀ)*

ਇਹੀ ਨਿਗੋ ਫਰਜ਼ੀ ਗੱਲ ਨਹੀ ਹੈ ਕਿ ਸੰਗ੍ਰਾਂਦ ਦੇ ਪਰਦੇ ਕਰਕੇ ਵਹਿਮ-ਪ੍ਰਸਤੀ ਵਧ ਰਹੀ ਹੈ। ਸੰਗ੍ਰਾਂਦ ਵਾਲੇ ਦਿਨ ਜਾ ਕੇ ਗੁਰਦੁਆਰੇ ਵੇਖੋ, ਸੰਗ੍ਰਾਦ ਦੇ ਸ਼ਰਧਾਲੂਆਂ ਦੀ ਇਹੀ ਤਾਂਘ ਹੁੰਦੀ ਹੈ ਕਿ ਅੱਜ ਮਹੀਨੇ ਵਾਲਾ ਸ਼ਬਦ ਸੁਣਾਇਆ ਜਾਏ, ਹਾਲਾਂ ਕਿ ਸਾਰੀ ਬਾਣੀ ਪ੍ਰਮਾਤਮਾ ਦੀ ਸਿਫਤ ਸਲਾਹ ਵਾਲੀ ਹੋਣ ਕਰਕੇ, ਜ਼ਿੰਦਗੀ ਦੀ ਰਹਿਬਰੀ ਵਾਲੀ ਹੋਣ ਕਰਕੇ ਇਕੋ ਇਕ ਦਰਜਾ ਰੱਖਦੀ ਹੈ। 'ਸੰਗ੍ਰਾਂਦ' ਦੇ ਵਹਿਮ ਵਿੱਚ 'ਬਾਣੀ' ਬਾਣੀ ਵਿੱਚ ਫਰਕ ਸਮਝਿਆ ਜਾਂਦਾ ਹੈ ਕਿਉਂਕਿ ਅਸਲ ਨੀਯਤ ਬਾਣੀ ਸੁਣਨ ਦੀ ਨਹੀਂ ਹੁੰਦੀ, ਸਿਰਫ ਮਹੀਨਾ ਸੁਣਨ ਦੀ ਹੁੰਦੀ ਹੈ। ਨਿਰਾ ਇਹੀ ਨਹੀਂ ਸੰਗ੍ਰਾਂਦ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਵਿੱਚ ਜਾ ਕੇ ਵੇਖੋ, ਏਥੇ ਹੋਰ ਅਚਰਜ ਖੇਡ ਵਰਤਦੀ ਹੈ।'ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੇ ਜਦੋਂ ਬਾਰਾਮਾਹ ਵਿੱਚੋਂ ਮਹੀਨਾ ਸੁਨਾਣਾ ਸ਼ੁਰੂ ਕੀਤਾ ਜਾਂਦਾ ਹੈ ਤਾਂ ਸ਼ੁਰੂ ਵਿੱਚ ਹੀ ਲਫਜ਼ 'ਜੇਠ', 'ਹਾੜ ਆਦਿਕ ਮਹੀਨਾ ਸੁਣ ਕੇ ਸਾਰੀ ਪਉੜੀ ਨੂੰ ਸੁਨਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ। 'ਮਹੀਨਾ' ਸੁਣ ਕੇ 'ਵਾਹਿਗੁਰੂ' 'ਵਾਹਿਗੁਰੂ' ਆਖਦੀਆਂ ਬਹੁਤ ਸੰਗਤਾਂ ਚਾਲੇ ਪਾ ਦੇਂਦੀਆਂ ਹਨ।

ਕਈ ਦੁਕਾਨਦਾਰਾਂ ਨੇ ਇਸ ਵਹਿਮ-ਪ੍ਰਸਤੀ ਤੋਂ ਅਜੀਬ ਲਾਭ ਉਠਾਣ ਦੀ ਕੋਸ਼ਿਸ਼ ਕੀਤੀ ਜਾਪਦੀ ਹੈ। ਆਪਣੀਆਂ ਛਾਪੀਆਂ ਬੀੜਾਂ ਨੂੰ ਹਰਮਨ ਪਿਆਰਾ ਕਰਨ ਲਈ ਇਸ ਬਾਰਹ-ਮਾਹ ਨੂੰ ਭੀ ਉਹੋ ਜਿਹੀ ਉਚੇਚੀ ਰੰਗ ਬਰੰਗੀ ਥਾਂ ਦਿੱਤੀ ਗਈ ਹੈ, ਜੋ ਹਰੇਕ ਰਾਗ ਦੇ ਅਰੰਭ ਨੂੰ ਦਿੱਤੀ ਗਈ ਹੈ।

ਸੋ ਹਰ ਪਾਸਿਉਂ ਸੰਗ੍ਰਾਂਦ ਦੇ ਰਾਹੀਂ ਇਹ ਵਹਿਮ ਵਧ ਰਿਹਾ ਹੈ ਕਿ ਸੂਰਜ ਦੇ ਨਵੀਂ ਰਾਸ ਵਿੱਚ ਆਉਣ ਵਾਲਾ ਪਹਿਲਾ ਦਿਹਾੜਾ ਖਾਸ ਤੌਰ ਤੇ ਭਾਗਾਂ ਵਾਲਾ ਹੈ। ਇਸ ਤਰ੍ਹਾਂ ਬੇ-ਮਲੂਮੇ ਜਿਹੇ ਸਿੱਖਾਂ ਵਿੱਚ ਸੂਰਜ ਪ੍ਰਸਤੀ ਦਾ ਰੁਝਾਨ ਪੈਦਾ ਕੀਤਾ ਜਾ ਰਿਹਾ ਹੈ। ਇਸ ਸੰਗ੍ਰਾਂਦ ਤੋਂ ਹੀ ਇਸ 'ਵਰ੍ਹੇ ਦੇ ਦਿਨ' ਦੇ ਵਹਿਮ ਤੋਂ ਹੀ ਅਗਾਂਹ ਹੋਰ ਭਰਮ ਵਧਦੇ ਜਾ ਰਹੇ ਹਨ ਕਿ ਅੱਜ 'ਵਰ੍ਹੇ-ਦਿਨ' ਦੇ ਦਿਨ ਪ੍ਰਦੇਸ਼ ਨਹੀਂ ਜਾਣਾ, ਸਵੇਰੇ ਸਵੇਰੇ ਹੱਥੋਂ ਮਾਇਆ ਨਹੀਂ ਖਰਚਣੀ, ਇਤਿਆਦਿਕ। ਅਜਿਹੇ ਭਰਮ ਨੂੰ ਭਾਈ ਗੁਰਦਾਸ ਜੀ ਨੇ ਮਨਮਤ ਦੱਸ ਕੇ ਸਿੱਖਾਂ ਨੂੰ ਇਨ੍ਹਾਂ ਵੱਲੋਂ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਸੀਂ ਫਿਰ ਉਧਰੇ ਪਰਤਦੇ ਜਾਪਦੇ ਹਾਂ। ਭਾਈ ਗੁਰਦਾਸ ਜੀ ਲਿਖਦੇ ਹਨ –

*ਸਉਣ ਸਗੁਨ ਵੀਚਾਰਣੇ, ਨਉਂ ਗ੍ਰਿਹ 'ਬਾਰਹ ਰਾਸ' ਵੀਚਾਰਾ।*
*ਕਾਮਣ ਟੂਣੇ ਆਉਸੀਆ, ਕਣਸੋਈ ਪਾਸਾਰ ਪਸਾਰਾ।*
*ਗਦਹੁ ਕੁਤੇ ਬਿਲੀਆਂ, ਇਲ ਮਲਾਲੀ ਗਿਦੜ ਛਾਰਾ।*
*ਨਾਰਿ ਪੁਰਖੁ ਪਾਣੀ ਅਗਨਿ, ਛਿਕ ਪਦ ਹਿੜਕੀ ਵਰਤਾਰਾ।*
*ਥਿਤਿ ਵਾਰ, ਭਦ੍ਰਾ ਭਰਮ, ਦਿਸਾਸੂਲ ਸਹਸਾ ਸੈਸਾਰਾ।*
*ਵਲ ਛਲ ਕਰਿ ਵਿਸਵਾਸ ਲੱਖ, ਬਹੁ ਚੁਖੀ ਕਿਉ ਰਵੈ ਭਤਾਰਾ।*
*ਗੁਰਮੁਖਿ ਸੁਖ ਫਲ ਪਾਰ ਉਤਾਰਾ।* *ਵਾਰ ੫/੮*

# ਅਰਦਾਸ ਕੀ ਹੈ?

*[ਡਾ. ਜਸਵੰਤ ਸਿੰਘ ਜੀ ਨੇਕੀ]*

ਅਰਦਾਸ ਬੋਲਾਂ ਦੀ ਨਹੀਂ, ਆਤਮਾ ਦੀ ਬਿਹਬਲਤਾ ਹੈ। ਇਸ ਦੀ ਆਵਾਜ਼ ਮਨ ਦੀਆਂ ਗਹਿਰਾਈਆਂ 'ਚੋਂ ਉਠਦੀ ਹੈ। ਆਕਾਸ਼ ਤਕ ਇਸ ਦੀ ਰਸਾਈ ਹੈ। ਜਿਹੜੀ ਪੁਕਾਰ ਕੇਵਲ ਕੰਠ ਵਿਚੋਂ ਉਠੇ, ਉਹ ਤਾਂ ਛਤ ਤੀਕਰ ਵੀ ਨਹੀਂ ਅਪੜ ਸਕਦੀ; ਆਕਾਸ਼ ਤੀਕਰ ਤਾਂ ਆਤਮਾ ਦੀ ਬਿਹਬਲਤਾ ਹੀ ਪਹੁੰਚਦੀ ਹੈ। ਅਰਦਾਸ ਸ਼ਬਦਾਂ ਦਾ ਚਮਤਕਾਰ ਨਹੀਂ। ਗੱਲਾਂ ਨਾਲ ਤਾਂ ਖ਼ਸਮ ਰੀਝਦਾ ਨਹੀਂ। ਅਰਦਾਸ ਤਾਂ ਰੂਹ ਦਾ ਗੀਤ ਹੈ, ਜੋ ਗੀਤ ਵਾਂਗ ਹੀ ਸ਼ਬਦਾਂ ਦੀ ਮੁਥਾਜੀ ਤੋਂ ਮੁਕਤ ਹੈ। ਇਹ ਤਾਂ ਧੁਰ ਅੰਦਰੋਂ ਉਠੀ ਦੁਹਾਈ ਹੈ, ਜੋ ਬਿਰਹੇ ਵਾਂਗ ਜਾਗਦੀ ਤੇ ਦਾਤਾਰ ਮਾਲਕ ਦੀਆਂ ਮੋਹਰ-ਆਂਦਰਾਂ ਨੂੰ ਧੂਹ ਜਾ ਪੈਂਦੀ ਹੈ। ਇਹ ਕਾਇਆਂ ਦੀ ਡੰਡੌਤ ਨਹੀਂ, ਆਤਮਾ ਦਾ ਸਿਜਦਾ ਹੈ। ਜੁੜੇ ਹੱਥ ਅਤੇ ਝੁਕਿਆ ਸੀਸ ਤਾਂ ਅੰਦਰਲੇ ਸਮਰਪਨ ਦੇ ਬਾਹਰੀ ਚਿੰਨ੍ਹ ਹਨ। ਜੇਕਰ ਅਸਾਂ ਆਪਣਾ ਮਨ ਨਹੀਂ ਅਰਪਿਆ, ਤਾਂ ਸੀਸ ਨਿਵਾਉਣ ਦੇ ਕੋਈ ਅਰਥ ਨਹੀਂ।

ਦੀਰਘ ਦ੍ਰਿਸ਼ਟੀ ਨਾਲ ਵੇਖੀਏ ਤਾਂ ਮਨੁੱਖ ਦਾ ਇਤਿਹਾਸ ਸੁਧਾ ਅਰਦਾਸ ਦਾ ਇਤਿਹਾਸ ਬਣ ਨਿਤਰਦਾ ਹੈ। ਜੋ ਇਤਿਹਾਸ ਆਮ ਪੜ੍ਹਾਇਆ ਜਾਂਦਾ ਹੈ ਉਹ ਤਾਂ ਬੱਸ ਰਾਜਿਆਂ-ਮਹਾਰਾਜਿਆਂ, ਹਾਕਮਾਂ-ਹੁਕਮਰਾਨਾਂ, ਜਾਬਰਾਂ-ਜਰਵਾਣਿਆਂ, ਧਾੜਵੀਆਂ-ਹਮਲਾਵਰਾਂ, ਵਿਦ੍ਰੋਹੀਆਂ-ਗ਼ੱਦਾਰਾਂ ਦੀਆਂ ਦਾਸਤਾਨਾਂ ਹੀ ਦਸਦਾ ਹੈ। ਉਹਨਾਂ ਅਨਗਿਣਤ ਲੋਕਾਂ ਬਾਰੇ ਕੁੱਝ ਨਹੀਂ ਦੱਸਦਾ ਜੋ ਇਹਨਾਂ ਸਭਨਾਂ ਦੇ ਜਬਰ ਦਾ ਸ਼ਿਕਾਰ ਬਣੇ। ਕੀਰਨੇ ਪਾਂਦੀ ਦੁਖੀ ਲੋਕਾਈ ਬਾਰੇ ਇਹ ਇਕ ਅੱਖਰ ਨਹੀਂ ਬੋਲਦਾ। ਇਤਿਹਾਸ ਦੀ ਇਸ ਨਿਰਦਈ ਖ਼ਾਮੋਸ਼ੀ ਦੇ ਬਾਵਜੂਦ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਸੋਗਵਾਨ ਹਿਰਦੇ ਅਵੱਸ਼ ਕਿਸੇ ਰੱਬ ਅੱਗੇ ਚਿਚਲਾਏ ਹੋਣਗੇ। ਉਸ ਦੇ ਨਾਮ ਦੇ ਉਹਨਾਂ ਕੀਰਨੇ ਪਾਏ ਹੋਣਗੇ। ਸਹਾਇਤਾ ਲਈ ਪੁਕਾਰ ਕੀਤੀ ਹੋਵੇਗੀ। ਉਹਨਾਂ ਦੇ ਅੰਦਰ ਦੇ ਬੋਲ ਅਰਦਾਸ ਹੀ ਤਾਂ ਸਨ। ਇੰਵ ਵੇਖੀਏ ਤਾਂ ਮਨੁੱਖੀ ਇਤਿਹਾਸ ਸਾਂਗੋ ਪਾਂਗ ਅਰਦਾਸ ਦਾ ਇਤਿਹਾਸ ਹੋ ਦਿਸਦਾ ਹੈ। ਅਰਦਾਸ ਵਿਚ ਜੁੜਿਆ ਮਨ, ਇਸੇ ਲਈ, ਇਕੱਲਾ ਨਹੀਂ ਹੁੰਦਾ। ਉਹ ਤਾਂ ਮਾਨਵ-ਪੀੜਾ ਦੇ ਸਮੁੱਚੇ ਇਤਿਹਾਸ ਨਾਲ ਜੁੜਿਆ ਹੁੰਦਾ ਹੈ। ਅਰਦਾਸ ਦੀ ਗੋਦੀ ਵਿਚ ਤਾਂ ਸਮੱਸਤ ਦੁਖੀ ਮਨੁੱਖਤਾ ਦੀ ਭਾਵੁਕ ਇਕਮੁੱਠਤਾ ਦਿਸ ਆਉਂਦੀ ਹੈ।

ਅਸੀਂ ਸਾਰੇ ਦੁਖਾਂ-ਦਰਦਾਂ ਮਾਰੇ ਹਾਂ। ਲਾਚਾਰੀਆਂ ਸਾਡੀਆਂ ਵੱਡੀਆਂ ਹਨ, ਬਲ ਸਾਡਾ ਨਿਗੂਣਾ। ਹੋਂਦ ਸਾਡੀ ਅਵਿਰਲ ਤਰੁਟੀਆਂ ਦੀ ਵਿਥਿਆ ਹੈ। ਹਰ ਪਲ ਅਸੀਂ ਕਿਸੇ ਬਲਵਾਨ ਆਸਰੇ ਦੇ ਮੁਤਲਾਸ਼ੀ ਹਾਂ। ਲਾਚਾਰਗੀ ਦੀ ਭੋਇੰ ਤੋਂ ਜਦ ਵੀ ਅਸੀਂ ਕਿਸੇ ਕਲਾਵਾਨ ਆਸਰੇ ਨੂੰ ਹਾਕ ਮਾਰਦੇ ਹਾਂ ਤਾਂ ਅਰਦਾਸ ਕਰ ਰਹੇ ਹੁੰਦੇ ਹਾਂ। ਅਰਦਾਸ ਤਾਂ ਹੈ ਹੀ ਪਰਮ ਸੱਤਾ ਨੂੰ ਆਪਣੀਆਂ ਲੋੜਾਂ-ਥੋੜਾਂ ਵਿਚ ਪ੍ਰਵੇਸ਼ ਕਰਨ ਦਾ ਸੱਦਾ ਦੇਣਾ। ਜਿਸ ਨੇ ਆਪ ਸਾਨੂੰ ਘੜਿਆ ਹੈ, ਸਾਡੀ ਨਿਰਬਲਤਾ ਦਾ ਉਸ ਤੋਂ ਵੱਧ ਕੌਣ ਜਾਣੂ ਹੈ? ਤਦੇ ਤਾਂ ਸਾਡੀ ਬੇਵੱਸ ਮਿੱਟੀ ਨੂੰ ਉਸ ਨੇ ਪੁਕਾਰ ਕਰਨ ਦਾ ਉਚੇਚਾ ਹੱਕ ਦੇ ਰਖਿਆ ਹੈ। ਉਸ ਨੂੰ ਪੁਕਾਰਨ ਦੇ ਇਸ ਹੱਕ ਦਾ ਨਾਮ ਹੀ ਅਰਦਾਸ ਹੈ। ਜਦ ਵੀ ਕੋਈ ਵਿਆਕੁਲ ਆਤਮਾ, ਹੇ ਮੇਰੇ ਪਿਤਾ! ਦੀ ਪੁਕਾਰ ਕਰਦੀ ਹੈ, "ਹਾਂ ਮੇਰੇ ਬੱਚੇ!'' ਦਾ ਪਿਆਰ-ਹੁੰਗਾਰਾ ਉਸ ਨੂੰ ਅਵੱਸ਼ ਪ੍ਰਾਪਤ ਹੁੰਦਾ ਹੈ।

ਕੁਝ ਵਿਦਵਾਨਾਂ ਅਨੁਸਾਰ 'ਅਰਦਾਸ' ਸ਼ਬਦ ਫ਼ਾਰਸੀ ਦੇ 'ਅਰਜ਼ਦਾਸ਼ਤ' ਦਾ ਸੰਖੇਪਿਆ ਰੂਪ ਹੈ। 'ਅਰਜ਼ ਦੇ ਅਰਥ ਹਨ ਬੇਨਤੀ ਦਾਸ਼ਤ (ਨ) ਦੇ ਅਰਥ ਹਨ ਰਖਣਾ ਯਾ ਪੇਸ਼ ਕਰਨਾ। ਇਉਂ ਅਰਜਦਾਸ਼ਤ (ਅਥਵਾ ਅਰਦਾਸ) ਦਾ ਅਰਥ ਹੋਇਆ ਕਿਸੇ ਅੱਗੇ ਆਪਣੀ ਬੇਨਤੀ ਰੱਖਣੀ। ਹੋਰ ਕੁਝ ਵਿਦਵਾਨਾਂ ਨੇ ਇਸ ਸ਼ਬਦ ਨੂੰ ਫਾਰਸੀ ਦੀ ਬਜਾਏ ਸੰਸਕ੍ਰਿਤ ਵਿਚੋਂ ਆਇਆ ਮੰਨਿਆ ਹੈ। ਉਨ੍ਹਾਂ ਦੇ ਮਤ ਅਨੁਸਾਰ ਇਹ 'ਅਰਦੈ' (= ਮੰਗਣਾ) 'ਤੇ 'ਆਬ' (=

ਮੁਰਾਦ) ਦੀ ਸੰਧੀ ਤੋਂ ਬਣਿਆ ਹੈ, ਤੇ ਇਸ ਦਾ ਅਰਥ ਹੈ ਮੁਰਾਦ ਮੰਗਣ ਦੀ ਕਿਰਿਆ।

ਇਹ ਸ਼ਬਦ ਭਾਵੇਂ ਫ਼ਾਰਸੀ 'ਚੋਂ ਆਇਆ ਹੈ, ਭਾਵੇਂ ਸੰਸਕ੍ਰਿਤ ਵਿਚੋਂ, ਗੁਰਮਤਿ ਵਿਚ ਇਸ ਨੇ ਉਚੇਚੇ ਅਰਥ ਧਾਰਨ ਕਰ ਲਏ ਹਨ। ਸਿਖ ਇਤਿਹਾਸ ਵਿਚ 'ਅਰਦਾਸ' ਪੰਥ ਦੀ ਸਮੂਹਕ ਚੇਤਨਾ ਵਿਚੋਂ ਉਪਜਿਆ ਉਹ ਵਿਸ਼ੇਸ਼ ਬੇਨਤੀ-ਨਾਮਾ ਹੈ ਜਿਸ ਰਾਹੀਂ ਪੰਥ ਦੀਆਂ ਸਾਮੂਹਿਕ ਆਕਾਂਖਿਆਵਾਂ ਤੇ ਉਸ ਦੇ ਜੀਆਂ ਦੀਆਂ ਵਿਅਕਤੀਗਤ ਜੋਦੜੀਆਂ ਨੂੰ ਦਾਤਾਰ ਵਾਹਿਗੁਰੂ ਅੱਗੇ ਪੇਸ਼ ਕਰ ਕੇ ਉਸ ਦੇ ਭਾਣੇ ਵਿੱਚ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ।

ਕੁਝ ਵਿਦਵਾਨਾਂ ਨੇ ਅਰਦਾਸ ਦਾ ਅੱਖਰਗਤ ਵਿਵੇਚਨ ਵੀ ਕੀਤਾ ਹੈ। ਉਹ ਇਸ ਪ੍ਰਕਾਰ ਹੈ -

ਅ = ਅੰਤਰਜਾਮੀ ਜੋ ਸਾਡੇ ਅੰਦਰ ਬੈਠਾ ਘਟ ਘਟ ਦੀਆਂ ਜਾਣਦਾ ਹੈ। ਰ = ਰਾਖਾ ਜਾਂ ਰਖਵਾਲਾ। ਦਾ = ਦਾਤਾਰ। ਸ = ਸਹਾਰਾ, ਆਸਰਾ ਜਾਂ ਓਟ।

ਇਸ ਵਿਵੇਚਨ ਅਨੁਸਾਰ 'ਅਰਦਾਸ' ਉਸ 'ਅੰਤਰਜਾਮੀ, ਸਰਬੱਤ ਦੇ 'ਰਖਵਾਲੇ' 'ਦਾਤਾਰ ਪ੍ਰਭੂ ਦਾ 'ਸਹਾਰਾ' ਭਾਲਣ ਦੀ ਪ੍ਰਕਿਰਿਆ ਹੈ।

ਅਰਦਾਸ ਭਾਵਨਾ ਭਰੀ ਅਰਾਧਨਾ ਦਾ ਮੁੱਖ ਸਾਧਨ ਹੈ। ਇਹੀ ਉਹ ਦਸਤਕ ਹੈ ਜਿਸ ਨਾਲ ਦਰਗਾਹ ਦਾ ਦਰਵਾਜ਼ਾ ਖੁਲ੍ਹਦਾ ਹੈ। ਏਹੋ ਉਹ ਕੁੰਜੀ ਹੈ ਜਿਸ ਨਾਲ ਮਨ ਦਾ ਤਾਕ ਉਘੜਦਾ ਹੈ।ਜਿਸ ਦੀ ਅਰਦਾਸ ਪੁੱਗ ਜਾਂਦੀ ਹੈ ਓਹੀ ਜਾਣਦਾ ਹੈ ਕਿ ਮਨ ਦਾ ਤਾਕ ਤੇ ਦਰਗਾਹ ਦਾ ਦੁਆਰ ਦਰ-ਅਸਲ ਇਕੋ ਵਸਤ ਹਨ।

ਲੋੜਾਂ ਮਾਰੇ ਅਸੀਂ ਸਦਾ ਲੋੜਾਂ-ਥੋੜਾਂ ਦੀ ਪੂਰਤੀ ਲਈ ਅਰਦਾਸ ਕਰਦੇ ਆਏ ਹਾਂ। ਇਸ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਅਰਦਾਸ ਦਾ ਮੁੱਢ ਹੀ ਬਣਦੀਆਂ ਹਨ, ਉਸ ਦਾ ਓੜਕ ਨਹੀਂ ਮਿਥਦੀਆਂ। ਉੱਚੀ ਅਰਦਾਸ ਤਾਂ ਆਤਮਕ ਪਰਿਪੂਰਨਤਾ ਲਈ ਉੱਠੀ ਵਿਲਕਣੀ ਹੈ। ਐਸੀ ਅਰਦਾਸ ਸਿਦਕ ਦੀਆਂ ਬਾਹਾਂ ਅੱਡ, ਭਾਵਨਾ ਨਾਲ ਪ੍ਰੀਤਮ ਦੀ ਉਡੀਕ ਕਰਦੀ ਹੈ। ਅਸਲ ਅਰਦਾਸ ਤਾਂ ਆਪਣੀ ਬਿਹਬਲ ਆਤਮਾ ਨੂੰ ਵਾਹਿਗੁਰੂ ਜੀ ਅੱਗੇ ਨੰਗਿਆਂ ਕਰਨਾ ਹੈ। ਇਹ ਵਿਆਕੁਲ ਮਨਾਂ ਦੀ ਪੁਕਾਰ ਹੀ ਨਹੀਂ, ਮਾਯੂਸ ਦਿਲਾਂ ਦਾ ਸਹਾਰਾ ਵੀ ਹੈ।

ਸਭ ਤੋਂ ਅੱਵਲ, ਅਰਦਾਸ, ਆਪਣੇ ਕਰਤੇ ਦੀ ਕਿਰਤ ਹੋਣ ਦਾ ਇਕਬਾਲ ਹੈ। ਹੱਦਾਂ ਵਿਚ ਵਿਚਰਦਿਆਂ ਅਨਾਹਦ ਨਾਲ ਜੁੜਨ ਦਾ ਉਪਰਾਲਾ ਹੈ। ਦੈਵੀ ਮੇਹਰ ਕੇਵਲ ਸਾਡੀ ਪ੍ਰਕਾਰ ਦਾ ਹੁੰਗਾਰਾ ਹੀ ਨਹੀਂ ਭਰਦੀ, ਉਹ ਤਾਂ ਪਹਿਲਾਂ ਇਸ ਪ੍ਰਕਾਰ ਦੀ ਆਵਾਜ਼ ਬਣ ਕੇ ਆਉਂਦੀ ਹੈ। ਇਹ ਮਿਹਰਾਮਤ ਹੀ ਤਾਂ ਸਾਡੇ ਅੰਦਰੋਂ ਅਰਦਾਸ ਬਣ ਕੇ ਨਿਕਲਦੀ ਹੈ।

ਅਰਦਾਸ ਰੱਬ ਨਾਲ ਗੋਸ਼ਟੀ ਹੈ, ਉਸ ਨਾਲ ਮਸਲਤ ਹੈ। ਉਹੀ ਤਾਂ ਸਾਡਾ ਸਭ ਕੁਝ ਹੈ-ਮਾਤਾ-ਪਿਤਾ, ਭੈਣ-ਭਾਈ, ਪ੍ਰੇਮੀ-ਭਰਤਾ, ਨਾਇਕ-ਖਸਮ, ਸੱਜਣ-ਸੌਣ, ਸਾਕ-ਸੰਬੰਧੀ, ਕੀ ਨਹੀਂ ਉਹ ਸਾਡਾ? ਤਦੇ ਸਾਡਾ ਹਰ ਸਲਾਹ-ਮਸ਼ਵਰਾ ਉਸੇ ਨਾਲ ਬਣਦਾ ਹੈ। ਜੋ ਸਾਡੇ ਦਿਲਾਂ ਦਾ ਜਾਣੂ ਹੈ, ਅੰਗ ਸੰਗ ਹੋ ਕੇ ਸਾਡੀ ਨਿਗਾਹਬਾਨੀ ਕਰਦਾ ਹੈ ਉਸ ਦਾ ਨਿਰਮਲ ਭਰਜਾ ਹੀ ਸਾਡੀ ਅਰਦਾਸ ਦਾ ਆਧਾਰ ਬਣ ਸਕਦਾ ਹੈ। ਅਰਦਾਸ ਕੇਵਲ ਬੇਨਤੀ ਯਾ ਪ੍ਰਾਰਥਨਾ ਹੀ ਨਹੀਂ, ਇਸ ਦੇ ਕਈ ਪਾਸਾਰ ਹਨ। ਇਹ ਮਾਲਕ ਦਾ ਸ਼ੁਕਰਾਨਾ ਥੀਂ ਕੇ, ਉਸ ਦੀ ਸਿਫ਼ਤ ਸਲਾਹ ਬਣ ਕੇ, ਸਦਕੇ ਦੀ ਭਾਵਨਾ ਨਾਲ ਭਰੀਜ ਕੇ, ਜਾਂ ਮਾਲਕ ਵਲ ਉਡਾਰੀ ਮਾਰਨ ਦੀ ਬਿਹਬਲਤਾ ਨਾਲ ਤੜਪ ਕੇ ਵੀ ਪ੍ਰਗਟ ਹੋ ਸਕਦੀ ਹੈ। ਪਛਤਾਵੇ ਦੇ ਹੰਝੂਆਂ ਨਾਲ ਭਿੱਜ ਕੇ, ਤੇ ਨਵੀਂ ਕਿਸੇ ਪ੍ਰਗਿਆ ਦਾ ਬਚਨ ਬਣ ਕੇ ਵੀ ਰੂਪਮਾਨ ਹੋ ਸਕਦੀ ਹੈ। ਬੋਲਾਂ ਨਾਲ ਇਸ ਦਾ ਵਿਚਿਤ੍ਰ ਸੰਬੰਧ ਹੈ। ਬੋਲੀ ਹੀ ਸਾਡੇ ਮਨ ਦੀ ਬਿਹਬਲਤਾ ਨੂੰ ਪ੍ਰਗਟ ਕਰਦੀ ਹੈ। ਅਰਦਾਸ ਦਾ ਵਾਹਨ ਹੀ ਨਹੀਂ, ਕਈ ਵਾਰ ਤਾਂ ਇਹ ਅਰਦਾਸ ਦਾ ਤੱਤ ਸਾਰ ਹੀ ਬਣ ਜਾਂਦੀ ਹੈ। ਜਿਨ੍ਹਾਂ ਸਿਦਕਵਾਨ ਸਿਖਾਂ ਨੇ ਅਰਦਾਸ ਦੇ ਬੋਲ ਸਿਰਜੇ, ਨਿਰਸੰਦੇਹ ਬੜੀ ਕਮਾਈ ਵਾਲੇ ਲੋਕ ਸਨ। ਅਰਦਾਸ ਦਾ ਇਕ ਇਕ ਵਾਕ ਉਨ੍ਹਾਂ ਜ਼ਿੰਦਗੀ ਵਿਚ ਕਮਾ ਕੇ ਸਿਰਜਿਆ ਹੈ। ਜਿਤਨਾ ਸੁਹਣਾ ਉਹਨਾਂ ਜੀਵਿਆ, ਓਡੀ ਸੁਹਿਰਦਤਾ ਨਾਲ ਛਲਕਦੇ ਉਹਨਾਂ ਦੇ ਵਾਕ ਹਨ। ਉਹਨਾਂ ਦੀ ਅਧਿਆਤਮਕ ਉੱਚਤਾ, ਤੇ ਸਿਦਕ ਦੀ ਪ੍ਰਪੱਕਤਾ ਅੱਗੇ ਹਰ ਜਿਗਿਆਸੂ ਦਾ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ। ਅਰਦਾਸ ਦੇ ਉਚੇਰੇ ਮੰਡਲਾਂ ਵਿਚ ਰੱਬ ਦੀ ਰਹਿਮਤ ਦਾ ਅਨੁਭਵ ਅਵਿਰਲ ਵਰਤਦਾ ਹੈ। ਤਦ ਮੰਗਣ ਮੁਕ ਜਾਂਦਾ ਹੈ। ਬੋਲ ਖੜੋਤ ਵਿਚ ਆ ਜਾਂਦੇ ਹਨ। ਓਦੋਂ ਅਰਦਾਸ ਕੀਤੀ ਨਹੀਂ ਜਾਂਦੀ, ਜੀਵੀ ਜਾਂਦੀ ਹੈ।

ਸਿਦਕਵਾਨ ਸਦਾ ਰਜ਼ਾ ਵਿਚ ਰਹਿ ਕੇ ਅਰਦਾਸ ਕਰਦਾ ਹੈ। ਅਰਜ਼ੋਈ ਦੀ ਪੂਰਤੀ ਨੂੰ ਮਾਲਕ ਦੀ ਦਾਤ ਮੰਨਦਾ ਹੈ, ਅਪੂਰਤੀ ਨੂੰ ਮਾਲਕ ਦੀ ਸਿਆਣਪ। ਹਰ ਹਾਲ ਆਪਣੇ ਆਪ ਨੂੰ ਮਾਲਕ ਦੀ ਨਦਰ ਦਾ ਭਾਗੀ ਜਾਣਦਾ ਹੈ। ਐਸਾ ਸਿਦਕ ਹੁੰਦਾ ਹੈ ਅਰਦਾਸ ਦੇ ਸੱਚੇ ਸਾਧਕਾਂ ਦਾ।

# ਅਦ੍ਰਿਸ਼ਟ ਨੂੰ ਵਾਹਿਗੁਰੂ ਦਾ ਪ੍ਰਕਾਸ਼ ਸੰਚੇ ਸਤਿਗੁਰੂ ਦੁਆਰਾ ਹੀ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਗੁਰੂ ਨਾਨਕ ਸਾਹਿਬ ਦੀ ਅਸਾਂ ਕਲਜੁਗੀ ਜੀਵਾਂ ਉਤੇ ਅਪਾਰ ਨਦਰ ਮੇਹਰ ਹੋਈ ਕਿ ਧੁਰ ਵਾਹਿਗੁਰੂ ਦੀ ਦਰਗਾਹੋਂ 'ਵਾਹਿਗੁਰੂ' ਸਰੂਪ ਗੁਰਮੰਤਰ ਲਿਆਂਦਾ, ਜਿਸ ਦੇ ਬਿਹੂਣ ਸਾਰਾ ਜਗਤ ਸੰਸਾਰ ਬਉਰਾਨਾ (ਕਮਲਾ) ਹੋਇਆ ਪਇਆ ਸੀ। ਹੁਣ ਭੀ ਬਉਰਾਨਾ ਹੀ ਹੈ, ਜੈਸੇ ਕਿ ਗੁਰਵਾਕ ਦਾ ਭਾਵ ਹੈ –

***ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥੮॥ ਅੰਗ – ੬੩੫***

ਧੰਨ ਗੁਰੂ ਨਾਨਕ ਸਾਹਿਬ, ਜਿਨ੍ਹਾਂ ਦੇ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਵਾਹਿਗੁਰੂ ਸਰੂਪ ਗੁਰ-ਮੰਤਰ ਗੁਰ-ਸ਼ਬਦ ਲਿਆਉਣ ਕਰਕੇ, ਇਸੇ ਗੁਰ-ਸ਼ਬਦ ਦੇ ਪ੍ਰਤਾਪ ਕਰਕੇ ਅਤੇ ਗੁਰੂ ਨਾਨਕ ਸਾਹਿਬ ਦੀਆਂ ਨਜ਼ਰ ਮੇਹਰਾਂ ਦੇ ਸਦਕੇ, ਸ਼ਬਦ ਅਭਿਆਸ ਕਮਾਈਆਂ ਦੀ ਬਰਕਤ ਨਾਲ ਅਦ੍ਰਿਸ਼ਟ ਵਾਹਿਗੁਰੂ, ਕਮਾਈਆਂ ਕਰਨਹਾਰੇ ਗੁਰਸਿਖਾਂ ਦੇ ਘਟ ਅੰਤਰ ਹੀ ਜੋਤਿ ਪਰਜੁਲਤੀ ਹੋ ਕੇ ਪਰਤੱਖ ਪ੍ਰਕਾਸ਼ਮਾਨ ਹੋ ਜਾਂਦਾ ਹੈ, ਜੈਸੇ ਕਿ ਇਸ ਅਗਲੇਰੇ ਗੁਰਵਾਕ ਦੀ ਪੰਗਤੀ ਦਾ ਭਾਵ ਹੈ –

***ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ॥੨੨॥ ਅੰਗ – ੯੧੦***

ਭਾਵ, ਗੁਰੂ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਹੋਏ ਗੁਰਮੰਤਰ ਨਾਲ ਵਾਹਿਗੁਰੂ-ਦਰਸ਼ਨਾਂ ਦੇ ਖੋਜੀ ਗੁਰਮੁਖਿ ਜਗਿਆਸੂ ਨੇ ਇਸ ਦੇਹ ਰੂਪੀ ਨਗਰੀ (ਪਟ) ਅੰਦਰ ਹੀ ਜੋਤਿ ਸਰੂਪੀ ਵਾਹਿਗੁਰੂ ਨੂੰ ਅਭਿਆਸ-ਸ਼ਕਤੀ ਨਾਲ ਖੋਜ ਕੇ ਲਭ ਲੈਣਾ ਹੈ, ਗੁਰ-ਸ਼ਬਦ ਦੀਆਂ ਅਭਿਆਸ ਕਮਾਈਆਂ ਕਰਦੇ ਕਰਦੇ ਘਟ ਅੰਦਰੋਂ ਹੀ ਜੋਤਿ-ਪ੍ਰਕਾਸ਼ੀ-ਨਾਮ-ਨਵਨਿਧੀ ਦੀਪਕ ਪ੍ਰਕਾਸ਼ ਕਰ ਲੈਣਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਹੋਏ ਸ਼ਬਦ ਗੁਰ-ਮੰਤਰ ਦੇ ਪ੍ਰਤਾਪ ਨਾਲ ਨਦਰ-ਕਮਾਈਆਂ ਕਰਦੇ ਕਰਦੇ ਜੋ ਘਟ ਅੰਦਰ ਹੀ ਜੋਤਿ ਪ੍ਰਕਾਸ਼ ਹੋ ਜਾਣੀ ਹੈ, ਉਹ ਨਾਮ ਰੂਪੀ ਅਜਿਹਾ ਜੋਤਿ ਜੁਲਤੀ ਦੀਪਕ ਪ੍ਰਕਾਸ਼ਤ ਹੋ ਜਾਣਾ ਹੈ, ਜਿਸ ਦੇ ਤੁਲ ਸੰਸਾਰਕ ਨਵ ਨਿਧੀਆਂ ਸਿਧੀਆਂ ਸਭ ਮਾਤ ਹਨ। ਗੁਰਸਿਖੀ ਗੁਰਮੁਖੀ ਲਈ ਇਹੋ ਜੋਤਿ ਪ੍ਰਫੁਲਤੀ ਪ੍ਰਕਾਸ਼ਤ ਹੋਇਆ ਨਾਮ ਹੀ ਸਚੀ ਨਵ-ਨਿਧੀ ਹੈ। ਇਸ ਸਦ ਨਵ-ਨਿਧਾਨ ਰੂਪੀ ਨਿਧੀ ਨੇ ਅਦ੍ਰਿਸ਼ਟ-ਵਾਹਿਗੁਰੂ-ਦਰਸ਼ਨ-ਖੋਜੀਆਂ ਨੂੰ ਲੱਟੂ ਕਰੀ ਰੱਖਣਾ ਹੈ। ਇਸੀ ਨਵ-ਨਵੇਲੜੀ ਅਤੇ ਸਹਿਜ ਸੁਹੇਲੜੀ ਸਦ ਸ਼ਗੁਫ਼ਤਣੀ ਨਾਮ-ਨਿਰਬਾਣ ਮਈ ਸਚੀ ਨਿਧੀ ਦੇ ਪ੍ਰਤਾਪ ਨਾਲ, ਜੋ ਖੋਜੀ ਗੁਰਮੁਖਿ ਜਨਾਂ ਨੇ ਘਟ ਅੰਤਰ ਹੀ ਪਾਇ ਰਖੀ ਹੈ, ਹੋਰ ਦ੍ਰਿਸ਼ਟਮਾਨ ਦੁਬਿਧਾ ਮਈ ਕੂੜਾਵੀ ਆਸਾ ਮਨਸਾ ਰੂਪੀ ਦੁਰਮਤਿ ਬੁਧੀ ਨੂੰ ਉੱਕਾ ਹੀ ਮਿਟਾਇ ਦੇਣਾ ਹੈ ਅਤੇ ਇਸ ਨੂੰ ਮਿਟਾਇ ਕੇ ਗੁਰਮੁਖਿ ਖੋਜੀਆਂ ਦਾ ਮਨ ਸਦਾ ਸਹਿਜ ਲਿਵਤਾਰ ਵਿਖੇ ਹੀ ਜੁੜੇ ਰਹਿਣਾ ਹੈ। ਇਸ ਸਹਿਜ ਲਿਫਤਾਰੀ ਗੁਰਮਤਿ ਅਭਿਆਸ ਵਿਖੇ ਖਜਬੂਬ (ਲੀਨ) ਹੋ ਕੇ ਰਸਨਾ ਦੁਆਰਾ ਸ਼ਬਦ ਗੁਰਮੰਤਰ ਉਚਾਰਨ ਦੀ ਲੋੜ ਨਹੀਂ ਰਹਿਣੀ। ਸੱਚੀ ਸਿਫ਼ਤ-ਸਲਾਹ ਅੰਤਰਗਤੀ ਅਤੇ ਸੁਭਾਵ ਹੀ ਵਾਹਿਗੁਰੂ-ਮਿਲਾਪ ਵਿਚ ਹੀ ਹੁੰਦੀ ਰਹਿਣੀ ਹੈ। ਯਥਾ ਗੁਰਵਾਕ ਦੀ ਅਗਲੀ ਪੰਗਤੀ –

***ਮਨਸਾ ਮਾਰਿ ਮਨੁ ਸਹਜਿ ਸਮਾਣਾ, ਬਿਨੁ ਰਸਨਾ ਉਸਤਤਿ ਕਰਾਈ॥੨੩॥***

ਇਸ ਲਿਫਤਾਰੀ ਵਾਹਿਗੁਰੂ-ਮਿਲਾਪ-ਸਹਿਜ-ਬਿਵਸਥਾ ਵਿਖੇ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨਹਾਰਿਆਂ ਦੇ ਲੋਇਣ ਇਕ-ਟਕ ਬਿਸਮਾਦੀ ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰਨਹਾਰੇ ਹੀ ਹੋ ਜਾਂਦੇ ਹਨ। ਇਥੇ ਪੁੱਜ ਕੇ ਉਨ੍ਹਾਂ ਦੀ ਚਿਤ-ਬਿਰਤੀ ਸਹਿਜ ਸੁਰਤੀ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਵਿਚ ਹੀ ਲਗੀ ਰਹਿੰਦੀ ਹੈ, ਇਕ ਖਿਨ ਭੀ ਲਾਂਭੇ ਨਹੀਂ ਹੁੰਦੀ। ਯਥਾ ਅਗਲੇਰੀ ਪੰਗਤੀ –

***ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ॥੨੪॥***

ਇਹ ਅਦ੍ਰਿਸ਼ਟ ਵਾਹਿਗੁਰੂ ਆਪਣੀ ਹਮਾ ਮਉਸੂਫ਼ (ਅਨੁਪਮ) ਸਿਫ਼ਤ ਦੁਆਰਾ ਸਦਾ ਨਿਰਾਲਮ ਹੀ ਰਹਿੰਦਾ ਹੈ। ਜੋਤਿ ਸ਼ਗੁਫਤੀਏ (ਵਿਗਾਸੀ) ਗੁਰਮੁਖਿ ਖੋਜੀ ਜਨ ਦੀ

ਬਿਰਤੀ ਜੋਤਿ ਸਰੂਪੀ ਵਾਹਿਗੁਰੂ ਵਿਚ ਹੀ ਸਮਾਈ ਰਹਿੰਦੀ ਹੈ। ਯਥਾ –

*ਅਦਿਸਟ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥*

ਇਹ ਸਾਰਾ ਪ੍ਰਤਾਪ ਗੁਰੂ ਨਾਨਕ ਸਾਹਿਬ ਦੀ ਬਖ਼ਸ਼ੀ ਹੋਈ ਗੁਰਮਤਿ ਸਿਫ਼ਤ-ਸਾਲਾਹ ਦਾ ਸਦਕਾ ਹੀ ਹੈ। ਐਸੇ ਵਾਹਿਗੁਰੂ ਸਰੂਪ ਗੁਰ-ਸ਼ਬਦ ਦੀ ਸਿਫ਼ਤ ਸਲਾਹ, ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਜਨ ਸਦਾ ਹੀ ਕਰਦਾ ਰਹਿੰਦਾ ਹੈ। ਕਰੇ ਭੀ ਕਿਉਂ ਨਾ, ਉਸ ਨੂੰ ਸਰਦਾ ਹੀ ਨਹੀਂ ਇਸ ਸਿਫਤ ਸਲਾਹੀ ਲਿਵਤਾਰ ਬਿਹੂਣ। ਯਥਾ –

*ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ॥੨੬॥*

ਇਹ ਸਾਚੀ ਬੂਝ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੀ ਗੁਰੂ ਨਾਨਕ ਸਾਹਿਬ ਦੇ ਦ੍ਰਿੜ੍ਹਾਈ ਕਰ ਗਏ ਗੁਰ-ਸ਼ਬਦ ਮੰਤਰ, ਦੁਆਰਾ ਹੀ, ਬੁੱਝੀ ਜਾਂਦੀ ਹੈ। ਇਹ ਸਾਰੀ ਗਤਿ ਕਲਿਆਣਾਮਈ ਸ੍ਰੀ ਵਾਹਿਗੁਰੂ-ਦਰਸ਼ਨਾਂ ਦੀ ਪ੍ਰਾਪਤੀ ਵਾਲੀ ਪਤਿ-ਪ੍ਰਤਿਸ਼ਟਾ ਗੁਰ ਨਾਨਕ ਸਾਹਿਬ ਦੇ ਦਰਸਾਏ ਗੁਰ-ਸ਼ਬਦ ਮੰਤਰ ਦੁਆਰਾ ਹੀ ਪ੍ਰਾਪਤਿ ਹੁੰਦੀ ਹੈ, ਜਿਸ ਕਰਕੇ ਇਸ ਸਿਫਤ ਸਲਾਹ ਰੂਪੀ ਸਚੀ ਅਰਦਾਸ ਬੇਨਤੀ ਨੂੰ ਵਾਹਿਗੁਰੂ-ਦਰਸ਼ਨਾਂ ਨੂੰ ਪ੍ਰਾਪਤਿ ਹੋਇਆ ਹੋਇਆ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖਿ ਜਨ ਛਡ ਹੀ ਨਹੀਂ ਸਕਦਾ। ਜੈਸਾ ਕਿ ਅਗਲੀ ਗੁਰ-ਪੰਗਤੀ ਦਾ ਭਾਵ ਹੈ। ਯਥਾ –

*ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ॥੨੭॥*
*ਅੰਗਟ – ੯੧●*

ਏਸੇ ਇਕੋ ਸਿਫਤ ਸਲਾਹ ਲਈ ਅਰਦਾਸ ਬੇਨਤੀ ਰਣੀ ਜਾਣ ਵਿਚ ਹੀ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖਿ, ਸਿਫ਼ਤ-ਸਲਾਹੀ-ਜਨ ਜੁਟਿਆ ਹੀ ਰਹਿੰਦਾ ਹੈ। ਇਸ ਉਪਰ ਲਿਖੇ ਗੁਰਮਤਿ ਭਾਵ ਤੋਂ ਇਹ ਸਿਧ ਹੋਇਆ ਕਿ ਕੇਵਲ ਗੁਰ ਨਾਨਕ ਸਾਹਿਬ ਜੀ ਦੁਆਰਾ ਦ੍ਰਿੜਾਈ ਦਰਸਾਈ ਗੁਰ-ਸ਼ਬਦ ਦੀ ਅਭਿਆਸ ਕਮਾਈ ਹੀ ਫਲੀਭੂਤ ਹੁੰਦੀ ਹੈ। ਅਜਿਹੇ ਗੁਰੂ ਨਾਨਕ ਸਾਹਿਬ ਜੀ ਦੇ ਦਰੋਂ ਘਰੋਂ ਵਰੋਸਾਏ ਹੋਏ ਗੁਰਮੁਖ ਜਨ ਕਦੇ ਭੀ ਹੋਰਸ ਦ੍ਰਿਸ਼ਟਮਾਨ ਪਦਾਰਥਾਂ ਵਿਚ ਲਿਪਾਏਮਾਨ ਨਹੀਂ ਹੁੰਦੇ, ਬਲਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦੀ ਲਿਪਾਏਮਾਨਤਾ ਤੋਂ ਸਦਾ ਅਪਰੰਪਰ ਰਹਿੰਦੇ ਹਨ।

ਗੁਰੂ ਨਾਨਕ ਸਾਹਿਬ ਦੀ ਨਦਰ-ਦ੍ਰਿਸ਼ਟੀ ਤੋਂ ਘੁਥੇ ਸਾਰੇ ਸੰਸਾਰੀ ਜੀਵ ਦ੍ਰਿਸ਼ਟਮਾਨ ਦੀ ਪੂਜਾ ਵਿਚ ਲਗੇ ਰਹਿੰਦੇ ਹਨ, ਜਿਸ ਤੋਂ ਕੁਝ ਵੀ ਪ੍ਰਪਤ ਨਹੀਂ ਹੁੰਦਾ। ਜਿਤਨੇ ਭੀ ਆਨਮਤੀ ਸਿਧ ਸਾਧਕ ਤਪਸੀ ਮੁਨੀ ਜੋਗੀ ਹੋਏ ਹਨ, ਸਾਰੇ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਵਿਚ ਹੀ ਭਰਮਦੇ ਰਹੇ ਹਨ। ਇਹ ਕੇਵਲ ਗੁਰੂ ਨਾਨਕ ਸਾਹਿਬ ਜੀ ਦੇ ਦਰ ਘਰ ਤੋਂ ਵਰੋਸਾਏ ਹੋਏ ਗੁਰਮੁਖਿ ਜਨ ਹੀ ਹਨ, ਜੋ ਇਸ ਤ੍ਰੈ ਗੁਣੀ ਦ੍ਰਿਸ਼ਟਮਾਨ ਮਾਇਆ ਮਈ ਰਹਿਤ ਰਹਿਣੀ ਤੋਂ ਨਿਰਾਲੇ ਅਤੇ ਨਿਰਾਲਮ ਹੀ ਰਹਿੰਦੇ ਹਨ, ਜੈਸੇ ਕਿ ਅਗਲੇ ਗੁਰਵਾਕ ਪੰਗਤੀ ਦਾ ਭਾਵ ਹੈ –

*ਤ੍ਰੈਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ॥੧॥*
*ਅੰਗ – ੮੮੩*

ਇਹ ਕੇਵਲ ਗੁਰ ਨਾਨਕ ਰੂਪੀ ਸਚੇ ਸਤਿਗੁਰੂ ਦੇ ਅੰਮ੍ਰਿਤ-ਭਰਪੁਰ-ਲੀਣ ਖ਼ਜ਼ਾਨੇ (ਭੰਡਾਰ) ਨੂੰ ਹੀ ਤੋਫ਼ੀਕ ਹੈ ਕਿ ਇਸ ਦੇ ਜ਼ਰੀਏ ਜਗਿਆਸੂ ਜਨ ਅਦ੍ਰਿਸ਼ਟ ਵਾਹਿਗੁਰੂ ਦੇ ਸੱਚੇ ਦਰਸ਼ਨਾਂ ਦਾ ਅਧਿਕਾਰੀ ਅਤੇ ਪੁਜਾਰੀ ਬਣਦਾ ਹੈ। ਗੁਰ ਨਾਨਕ ਸੱਚੇ ਪਾਤਸ਼ਾਹ ਦੇ ਅੰਮ੍ਰਿਤ-ਭਰਪੂਰੀ ਖ਼ਜ਼ਾਨੇ ਦੀ ਹੀ ਸਚੀ ਵਡਿਆਈ ਹੈ ਕਿ ਦ੍ਰਿਸ਼ਟਮਾਨ ਤ੍ਰੈ ਗੁਣੀ ਪਦਾਰਥਾਂ ਦੀ ਪੂਜਾ ਨੂੰ ਫੜ ਕੇ, ਗੁਰਮੁਖਿ ਖੋਜੀ ਜਨ ਉਸ ਅੰਮ੍ਰਿਤਮਈ ਸੰਪੂਰਨ ਖ਼ਜ਼ਾਨੇ ਦਾ ਮਾਲਕ ਬਣ ਜਾਂਦਾ ਹੈ, ਜੋ ਉਸ ਨੂੰ ਸੱਚੇ ਅਦ੍ਰਿਸ਼ਟ ਪ੍ਰਮਾਰਥੀ ਪਦਾਰਥ ਦਾ ਸੱਚਾ ਉਪਾਸ਼ਕ ਅਤੇ ਆਸ਼ਕ ਬਣਾ ਦੇਂਦਾ ਹੈ। ਜੈਸਾ ਕਿ ਅਗਲੀ ਗੁਰਪੰਗਤੀ ਦਾ ਭਾਵ ਹੈ। ਯਥਾ –

*ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ॥੧॥*
*ਅੰਗ – ੮੮੩*

ਇਸ ਗੱਲ ਵਿਚ ਰੰਚਕ ਭੀ ਸੰਦੇਹ ਨਹੀਂ ਕਿ ਜੁਗੋ ਜੁਗ ਅਟੱਲ ਗੁਰੂ ਨਾਨਕ ਸਾਹਿਬ ਹੀ ਹਨ ਤੇ ਇਹੋ ਸਚੇ ਸਤਿਗੁਰੂ, ਗੁਰੂ ਨਾਨਕ ਦੇਵ ਹੀ ਸੱਚੇ ਅੰਮ੍ਰਿਤ-ਭਰਪੂਰ-ਲੀਣੇ ਜੋਤਿ ਜੁੜੰਨੀ ਖ਼ਜ਼ਾਨੇ ਦੇ ਮਾਲਕ ਹਨ। ਨਿਰੰਕਾਰ ਦੇ ਰਾਹੀਂ ਹੀ ਸੱਚ ਅਦ੍ਰਿਸ਼ਟ ਖ਼ਜ਼ਾਨੇ ਦੇ ਖੋਜੀ ਗੁਰਮੁਖਿ ਜਨ ਨੂੰ ਇਸ ਦੀ ਪ੍ਰਾਪਤੀ ਦਾ ਸੁਭਾਗ ਮਿਲਦਾ ਹੈ। ਗੁਰ ਨਾਨਕ ਸਾਹਿਬ ਜੀ ਦੇ ਪਾਏ ਪੂਰਨਿਆਂ ਉਤੇ ਚੱਲ ਕੇ ਜਿਸ ਗੁਰਮੁਖਿ ਜਨ ਨੂੰ ਇਸ ਸੱਚੇ ਨੌਨਿਧੀ ਖ਼ਜ਼ਾਨੇ ਦੀ ਸੱਚੀ ਮਿਲਖ ਲਭੀ ਹੈ, ਉਹ ਵਡਭਾਗਾ ਜਨ ਇਸ ਅਦ੍ਰਿਸ਼ਟ ਪਦਾਰਥ ਨੂੰ ਲੱਭਣ ਸਾਰ ਹੀ ਅਚਰਜ ਬਿਸਮਾਦ ਦਸ਼ਾ ਵਿਚ ਲੀਨ ਹੋ ਗਿਆ ਹੈ। ਇਸ ਅਚਰਜਤਾ ਅਤੇ ਜੋਤਿ-ਰੰਗੀ-ਬਿਸਮਾਦੜਾ ਦੀ ਮਹਿਮਾ ਕੁਝ ਵਰਨੀ ਨਹੀਂ ਜਾ ਸਕਦੀ, ਕਿਉਂਕਿ ਇਹ ਅਤਿ ਅਗੋਚਰ ਵਸਤੂ ਦੀ ਮਹਿਮਾ ਹੈ, ਜੈਸਾ ਕਿ ਹੇਠ ਲਿਖੇ ਇਸ ਅਗਲੇਰੇ ਗੁਰਵਾਕ ਪੰਗਤੀ ਦਾ ਭਾਵ ਹੈ –

*ਅਚਰਜੁ ਕਿਛੁ ਕਹਣੁ ਨ ਜਾਈ॥*
*ਬਸਤੁ ਅਗੋਚਰ ਭਾਈ ॥੧॥ਰਹਾਉ॥(੪॥੪)*
*ਅੰਗ – ੮੮੩*

ਇਸ ਸੱਚੇ ਪ੍ਰਮਾਰਥੀ ਅਦ੍ਰਿਸ਼ਟ ਪਦਾਰਥ ਦੇ ਪਾਵਣ

***(ਬਾਕੀ ਪੰਨਾ 37 'ਤੇ)***

# ਰੋਸੁ ਨ ਕੀਜੈ, ਅੰਮ੍ਰਿਤੁ ਪੀਜੈ

*[ਪ੍ਰਿੰਸੀਪਲ ਗੁਰਮੁਖ ਸਿੰਘ ਜੀ]*

ਗੁਰਬਾਣੀ ਮਨੁੱਖ ਨੂੰ ਪ੍ਰਭੂ ਦੇ ਅੰਮ੍ਰਿਤ-ਨਾਮ ਵਿਚੋਂ ਰਸ ਪੀਣ ਅਥਵਾ ਨਾਮ-ਰਸ ਨੂੰ ਭੁੰਚਣ ਦੀ ਜਾਚ ਸਿਖਾਉਂਦੀ ਹੈ। ਨਾਮ ਦਾ ਰਸ ਹੁੰਦਾ ਹੈ। ਰਸ ਵਿਚ ਅੰਮ੍ਰਿਤ ਹੈ, ਜੋ ਹਰ ਪ੍ਰਾਣੀ ਨੂੰ ਅਮਰ ਕਰ ਦਿੰਦਾ ਹੈ।

***ਅੰਮ੍ਰਿਤ ਨਾਮੁ ਪਰਮੇਸੁਰ ਤੇਰਾ,***
***ਜੋ ਸਿਮਰੈ ਸੋ ਜੀਵੈ॥੨॥੨੭॥*** ***ਅੰਗ - ੬੧੬***

ਆਤਮ-ਜਗਿਆਸਾ ਦੇ ਇਤਿਹਾਸ ਤੇ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਪੁਰਾਤਨ ਭਾਰਤ ਦੇ ਰਿਸ਼ੀ-ਮੁਨੀ, ਭਾਵੇਂ ਪ੍ਰਮਾਤਮਾ ਦਾ ਨਾਮ ਜਪਦੇ ਸਨ, ਪਰ ਜਦ ਕਿਸੇ ਤੇ ਕ੍ਰੋਧਵਾਨ ਹੋ ਜਾਂਦੇ ਤਾਂ ਝਟ ਸਰਾਪ ਦੇ ਦਿੰਦੇ। ਰਾਮਾਇਣ ਅਤੇ ਮਹਾਂਭਾਰਤ ਦਾ ਮਿਥਿਹਾਸ ਸਰਾਪ ਦੇਣ ਦੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਮਨ ਵਿਚ ਪ੍ਰਸ਼ਨ ਉਠਦਾ ਹੈ ਕਿ ਕੀ ਸਰਾਪ ਦੇਣ ਵਾਲੇ ਮਹਾਨ ਤਪੱਸਵੀਆਂ ਦੇ ਹਿਰਦੇ ਵਿਚ ਪਰਮੇਸ਼ਰ ਦੇ ਅੰਮ੍ਰਿਤ-ਨਾਮ ਦਾ ਰਸ ਅਜੇ ਰਚਿਆ ਨਹੀਂ ਸੀ? ਉਤਰ ਬੜਾ ਸਪੱਸ਼ਟ ਹੈ, ਅਜੇ ਨਹੀਂ ਸੀ ਰਚਿਆ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਭੀ ਸਰਾਪ ਦਿੰਦੇ ਰਹੇ ਹਨ। ਸਰਾਪ ਨਿਕਲਦਾ ਹੀ ਰੋਸ ਤੋਂ ਹੈ।

ਫਿਰ ਸਤਿਗੁਰਾਂ ਦੇ ਸਮਕਾਲੀ ਸਿੱਧਾਂ ਨੂੰ ਦੇਖਿਆ ਜਾਏ। ਸਿੱਧਾਂ ਨੂੰ ਪਰਮੇਸ਼ੁਰ ਦੇ ਨਾਮ-ਰਸ ਦੀ ਸੋਝੀ ਹੀ ਹੀ ਨਹੀਂ ਸੀ। ਜੋਗ ਦਾ ਮਾਰਗ ਤਾਂ ਰਸ ਲੈਣ ਦੀ ਥਾਂ ਧਿਆਨ ਨੂੰ (ਮਨ ਨੂੰ) ਟਿਕਾਉਣਾ ਹੈ। ਸਿੱਧ ਕਰਾਮਾਤਾਂ ਵਿਖਾ ਵਿਖਾ ਕੇ ਲੋਕਾਂ ਨੂੰ ਭੈ-ਭੀਤ ਕਰਦੇ ਰਹੇ ਹਨ। ਗੁੱਸਾ ਉਹਨਾਂ ਵਿਚ ਭੀ ਅੰਤਾ ਦਾ ਹੁੰਦਾ ਸੀ। ਝਟ ਸਰਾਪ ਦੇ ਦਿੰਦੇ ਸਨ। ਲੋਕਾਂ ਉਹਨਾਂ ਤੋਂ ਡਰਦੇ ਸਨ। ਹੁਣ ਭੀ ਬਹੁਤੇ ਲੋਕੀ ਅਖੋਤੀ ਸੰਤਾਂ ਦੇ ਸਰਾਪ ਤੋਂ ਡਰਦੇ ਹਨ।

ਇਸੇ ਤਰ੍ਹਾਂ ਸਾਹਿਬਾਂ ਦੇ ਸਮਕਾਲੀ ਪੀਰ ਫ਼ਕੀਰ, ਜਾਂ ਉਹਨਾਂ ਦੇ ਚੇਲੇ, ਇਕ ਅੱਲਾਹ ਦੀ ਇਬਾਦਤ ਤਾਂ ਕਰਦੇ ਸਨ, ਪਰ ਕ੍ਰੋਧ ਉਹਨਾਂ ਵਿਚ ਭੀ ਕਿਸੇ ਨਾਲੋਂ ਘਟ ਨਹੀਂ ਸੀ। ਮਿਸਾਲ ਵਜੋਂ, ਸਿਆਲਕੋਟ ਦਾ ਹਮਜ਼ਾ ਗੌਂਸ, ਪਰਮੇਸ਼ਰ ਦੀ ਯਾਦ ਵਿਚ ਚਾਲੀ ਦਿਨ ਦਾ ਚਲੀਹਾ ਕੱਟ ਕੇ ਸਿਆਲਕੋਟ ਸ਼ਹਿਰ ਨੂੰ ਗਰਕ ਕਰਨਾ ਧਾਰੀ ਬੈਠਾ ਸੀ। ਫਿਰ ਹਸਨ ਅਬਦਾਲ (ਪੰਜਾ ਸਾਹਿਬ) ਦੀ ਛੋਟੀ ਜਿਹੀ ਪਹਾੜੀ ਤੇ ਬੈਠਾ ਵਲੀ ਕੰਧਾਰੀ ਰੱਬ ਦੀ ਇਬਾਦਤ ਤਾਂ ਭਾਵੇਂ ਕਰਦਾ ਸੀ, ਪਰ ਕੂਪ ਅਤੇ ਤਅਸੁਬ (ਮਜ਼ਹਬੀ ਵਿਤਕਰਾ) ਉਸ ਵਿਚ ਭੀ ਅੰਤਾਂ ਦਾ ਸੀ। ਕਿਸੇ ਆਮ ਸਾਧਾਰਨ ਮਨੁੱਖ ਨੂੰ ਤਾਂ ਉਹ ਆਪਣੇ ਰੋਸ ਦਾ ਸ਼ਿਕਾਰ ਬਣਾ ਸਕਦਾ ਸੀ, ਪਰ ਉਸ ਤੋਂ ਇਸ ਗੁੱਸੇ ਵਿਚ ਸਭ ਤੋਂ ਵੱਡੀ ਭੁੱਲ ਇਹ ਹੋਈ ਕਿ ਉਸ ਨੇ ਆਤਮਕ ਮੰਡਲਾਂ ਦੇ ਚਮਕਦੇ ਸੂਰਜ ਨੂੰ ਭੀ ਨਹੀਂ ਪਛਾਣਿਆ ਤੇ ਉਸ ਵਲ ਪਹਾੜ ਦੇ ਇਕ ਵਡੇ ਪੱਥਰ ਨਾਲ ਘਾਤਕ ਵਾਰ ਕਰ ਦਿੱਤਾ। ਇਹ ਰੋਸ ਦੀ ਇਕ ਸ਼ਿਖਰ ਹੈ। ਇਸ ਵਿਚ ਰਸ ਕਿਥੇ ਹੈ? ਅਹੰਕਾਰ ਹੈ, ਅਤਿ ਦਾ ਕ੍ਰੋਧ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਸੰਸਾਰ-ਫੇਰੀ ਦੇ ਦੌਰਾਨ ਇਹ ਵੇਖ ਲਿਆ ਸੀ ਕਿ ਪਰਮੇਸ਼ੁਰ ਨੂੰ ਮੰਨਣ ਵਾਲੇ ਬਹੁਤੇ ਸਾਧ ਉਸ ਦੇ ਨਾਮ ਦਾ ਰਸ ਪੀਣ ਦੀ ਬਜਾਏ ਰੋਸ ਵਿਚ ਵਿਚਰਦੇ ਹਨ। ਰੋਸ ਵਿਚ ਓਹੀ ਵਿਚਰਦਾ ਹੈ ਜੋ ਅਜੇ ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ ਦੇ ਵਸ ਵਿਚ ਹੁੰਦਾ ਹੈ। ਇਸ ਲਈ ਪਾਤਸ਼ਾਹ ਆਪਣੇ ਸਿੱਖਾਂ ਸੇਵਕਾਂ ਲਈ ਇਕ ਸੁਨਹਿਰੀ ਮੀਲ-ਪੱਥਰ ਉਸਾਰ ਗਏ ਹਨ ਕਿ ਪਰਮੇਸ਼ਰ ਦਾ ਨਾਮ ਅੰਮ੍ਰਿਤ ਹੈ ਅਤੇ ਅੰਮ੍ਰਿਤ ਪੀਣ ਵਾਲੇ ਨੂੰ ਕ੍ਰੋਧ ਕਰਨਾ, ਰੋਸ ਵਿਚ ਜੀਵਨ ਹੰਢਾਉਣਾ ਸੋਭਦਾ ਨਹੀਂ। ਰਾਮਕਲੀ ਦਖਣੀ ਓਅੰਕਾਰ ਵਿਚ ਆਪ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਹੁਕਮ ਕੀਤਾ ਹੈ -

***ਰੋਸੁ ਨ ਕੀਜੈ, ਅੰਮ੍ਰਿਤੁ ਪੀਜੈ, ਰਹਣੁ ਨਹੀ ਸੰਸਾਰੇ॥***
***ਅੰਗ - ੯੩੧***

# ਹੋਲੀ ਕੀਨੀ ਸੰਤ ਸੇਵ

*[ਡਾ. ਪਰਮਜੀਤ ਕੌਰ]*

ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਲਾਲ ਰੰਗ ਹਮੇਸ਼ਾ ਚੜ੍ਹਿਆ ਰਹਿੰਦਾ ਹੈ, ਇਹ ਕਦੇ ਨਹੀਂ ਲਹਿੰਦਾ। ਗੁਰਵਾਕ ਹੈ -

*ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ॥*
*ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ॥*
*ਅੰਗ - ੪੨੭*

ਜਿਹੜਾ ਮਨੁੱਖ ਪ੍ਰਭੂ ਦੇ ਪਿਆਰ ਵਿੱਚ ਰੰਗਿਆ ਜਾਂਦਾ ਹੈ ਉਸ ਦਾ ਤਨ ਮਨ ਗੂੜੇ ਗੁਲਾਲ ਵਾਂਗ ਖਿੜ ਜਾਂਦਾ ਹੈ -

*ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ॥*
*ਅੰਗ - ੧੦੯੭*

ਇਸ ਸਦਾ ਟਿਕੇ ਰਹਿਣ ਵਾਲੇ ਰੰਗ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ? ਸੰਤ ਜਨਾ ਦੀ ਸੇਵਾ ਨਾਲ ਹੀ ਇਹ ਰੰਗ ਚੜ੍ਹ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ - ਸੰਤ ਜਨਾਂ ਦੀ ਸੇਵਾ ਨੂੰ ਮੈ ਹੋਲੀ ਬਣਾਇਆ ਹੈ। ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ -

*ਹੋਲੀ ਕੀਨੀ ਸੰਤ ਸੇਵ॥*
*ਰੰਗੁ ਲਾਗਾ ਅਤਿ ਲਾਲ ਦੇਵ॥ ਅੰਗ - ੧੧੮੦*

ਸੰਤ ਪਰਮਾਤਮਾ ਨਾਲ ਟੁੱਟੀ ਹੋਈ ਸੁਰਤਿ ਜੋੜ ਸਕਦੇ ਹਨ ਸੰਤਾਂ ਦੀ ਸੰਗਤਿ ਵਿਚ ਸ੍ਰੇਸ਼ਟ ਮਤਿ ਪ੍ਰਾਪਤ ਹੁੰਦੀ ਹੈ -

*ਕਰਹੁ ਗਤਿ ਦਇਆਲ ਸੰਤਹੁ ਮੋਰੀ॥*
*ਤੁਮ ਸਮਰਥ ਕਾਰਨ ਕਰਨਾ ਤੂਟੀ ਤੁਮ ਹੀ ਜੋਰੀ॥*
*ਅੰਗ - ੧੨੧੭*

ਮਨੁੱਖ ਉਤੇ ਸੰਗਤਿ ਦਾ ਪ੍ਰਭਾਵ ਪੈਣਾ ਸੁਭਾਵਿਕ ਹੈ। ਉਹ ਜੈਸੀ ਸੰਗਤਿ ਕਰਦਾ ਹੈ ਵੈਸਾ ਹੀ ਬਣ ਜਾਂਦਾ ਹੈ। ਜੇਕਰ ਮਨਮੁਖ ਦੀ ਸੰਗਤਿ ਵਿੱਚ ਬੈਠਦਾ ਹੈ ਤਾਂ ਦਿਨ ਰਾਤ ਵਿਕਾਰਾਂ ਵਿਚ ਲਿਪਤ ਰਹਿੰਦਾ ਹੈ ਅਤੇ ਸੰਸਾਰਿਕ ਸੁਖਾਂ ਦੀ ਪ੍ਰਾਪਤੀ ਲਈ ਉਦਮ ਕਰਣ ਦੀਆਂ ਹੀ ਗੱਲਾਂ ਕਰਦਾ ਰਹਿੰਦਾ ਹੈ। ਪਰ ਸੰਤਾਂ ਦੀ ਸੰਗਤਿ ਵਿੱਚ ਰਹਿੰਦਾ ਹੋਇਆ ਪ੍ਰਭੂ ਦੀ ਸਿਫਤਿ ਸਾਲਾਹ ਕਰਦਾ ਹੈ ਅਤੇ ਪ੍ਰਭੂ ਦੇ ਸਿਮਰਨ ਵਿੱਚ ਲੱਗਿਆ ਰਹਿੰਦਾ ਹੈ। ਸਤਸੰਗਤਿ ਤੋਂ ਬਿਨਾਂ ਸਾਰੇ ਮਨੁੱਖ ਪਸ਼ੂਆਂ ਡੰਗਰਾਂ ਵਾਂਗ ਤੁਰੇ ਫਿਰਦੇ ਹਨ, ਜਿਸ ਅਕਾਲ ਪੁਰਖ ਨੇ ਪੈਦਾ ਕੀਤਾ ਹੈ ਉਸ ਨਾਲ ਸਾਂਝ ਨਹੀਂ ਪਾਂਦੇ -

*ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ॥*
*ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ॥*
*ਅੰਗ - ੪੨੭*

ਸੰਤ ਜਨਾਂ ਦੀ ਸੰਗਤਿ ਵਿੱਚ ਹੀ ਸਿਰਜਣਹਾਰ ਅਕਾਲ ਪੁਰਖ ਨਾਲ ਜਾਣ-ਪਛਾਣ ਹੋ ਸਕਦੀ ਹੈ। ਜਿਹੜਾ ਮਨੁੱਖ ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ ਪ੍ਰਭੂ ਦੀ ਸ਼ਰਨ ਆਉਂਦਾ ਹੈ ਉਹ ਸਾਰੇ ਸੁਖ ਹਾਸਲ ਕਰ ਲੈਂਦਾ ਹੈ। ਸੰਤ ਜਨਾਂ ਦੀ ਚਰਨੀ ਲੱਗਕੇ, ਉਹਨਾਂ ਦਾ ਪੱਲਾ ਫੜਕੇ ਹੀ ਮਨੁੱਖ ਭਰਮ ਅਤੇ ਮੋਹ ਦੇ ਸਮੁੰਦਰ ਵਿੱਚ ਡੁੱਬਣ ਤੋਂ ਬਚ ਸਕਦਾ ਹੈ। ਗੁਰਵਾਕ ਹੈ -

*ਉਧਰੇ ਭ੍ਰਮ ਮੋਹ ਸਾਗਰ।*
*ਲਗਿ ਸੰਤਨਾ ਪਗ ਪਾਲ। ਅੰਗ - ੧੧੧੯*

ਸੰਤ ਜਨ ਹੀ ਪ੍ਰਭੂ ਦੀ ਪ੍ਰਾਪਤੀ ਦੀ ਰਾਹ ਦੱਸਦੇ ਹਨ ਕਿ ਮਨ ਅਕਾਲ ਪੁਰਖ ਦੀ ਭੇਟਾ ਕਰਨ ਨਾਲ ਅਤੇ ਹਉਮੈ ਦੂਰ ਕਰਣ ਨਾਲ ਹੀ ਪ੍ਰਭੂ- ਪ੍ਰਾਪਤੀ ਦਾ ਰਸਤਾ ਸੌਖਾ ਹੋ ਜਾਂਦਾ ਹੈ -

*ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥*
*ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ॥*
*ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ॥*
*ਅੰਗ - ੧੦੯੮*

ਮਨ ਦਾ ਅਹੰਕਾਰ ਸੰਤਾਂ ਦੀ ਸੰਗਤਿ ਤੋਂ ਬਿਨਾਂ ਦੂਰ ਨਹੀਂ ਹੁੰਦਾ -

*ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੈ॥*

*ਅੰਗ - ੧੦੯੮*

ਜਿਹੜਾ ਮਨੁੱਖ ਸੰਤ ਜਨਾਂ ਦੀ ਸੰਗਤਿ ਵਿੱਚ ਰਹਿਕੇ ਨਾਮ ਦਾ ਵਣਜ ਕਰਦਾ ਹੈ, ਦੁਨੀਆਂ ਦੇ ਝਗੜੇ ਕਲੇਸ਼ ਆਦਿਕ ਉਸ ਉਤੇ ਆਪਣਾ ਜੋਰ ਨਹੀਂ ਪਾ ਸਕਦੇ -

*ਹਰਿ ਕੇ ਨਾਮ ਕੋ ਆਧਾਰੁ॥ ਕਲਿ ਕਲੇਸ ਨ ਕਛੁ ਬਿਆਪੈ ਸੰਤ ਸੰਗਿ ਬਿਉਹਾਰੁ॥ ਅੰਗ - ੧੧੨੧*

ਪਰ ਸੰਤ ਜਨਾਂ ਦੀ ਸੰਗਤਿ ਵੱਡੇ ਭਾਗਾਂ ਨਾਲ ਮਿਲਦੀ ਹੈ ਕਿਉਂਕਿ ਅਸਲ ਸੰਤ ਜਾਂ ਸਾਧਜਨ ਵਿਰਲੇ ਹੀ ਮਿਲਦੇ ਹਨ -

*ਤੇਰਾ ਜਨੁ, ਏਕੁ ਆਧੁ ਕੋਈ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ, ਹਰਿ ਪਦੁ ਚੀਨੈ ਸੋਈ॥ ਅੰਗ - ੧੧੨੩*

ਅਸਲ ਸੰਤ ਦੀ ਪਛਾਣ ਕਰਨ ਲਈ ਅਤੇ ਥਾਂ ਥਾਂ ਤੇ ਬਨਾਉਟੀ ਸੰਤਾਂ ਦੇ ਖਿਲਾਰੇ ਹੋਏ ਜਾਲਾਂ ਤੋਂ ਬਚਣ ਲਈ, ਸੰਤ ਜਾਂ ਸਾਧ ਸ਼ਬਦ ਦੀ ਵਰਤੋਂ ਕਿਸੇ ਮਹਾਨ ਵਿਅਕਤੀ ਲਈ ਕੀਤੀ ਗਈ ਹੈ ਇਹ ਜਾਣ ਲੈਣਾ ਜ਼ਰੂਰੀ ਹੈ।

ਸੰਤਾਂ ਦੀ ਜੀਵਨ-ਜੁਗਤਿ ਸਦਾ ਇਕ ਰਸ ਰਹਿਣ ਵਾਲੀ ਅਤੇ ਬੜੀ ਪਵਿਤ੍ਰ ਹੁੰਦੀ ਹੈ। ਉਹ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰ ਲੈਂਦੇ ਹਨ। ਉਹਨਾਂ ਨੇ ਗੁਣ ਅਤੇ ਅਉਗਣਾਂ ਦੀ ਪਰਖ ਕਰ ਲਈ ਹੁੰਦੀ ਹੈ। ਜਿਹੜਾ ਗੁਣ ਅਤੇ ਅਉਗਣਾਂ ਦੀ ਪਰਖ ਕਰ ਲੈਂਦਾ ਹੈ ਅਤੇ ਪਰਮਾਤਮਾ ਦਾ ਨਾਮ ਉਚਾਰਦਾ ਰਹਿੰਦਾ ਹੈ ਉਸ ਨੂੰ ਅਕਾਲ ਪੁਰਖ ਦੇ ਡਰ-ਅਦਬ ਵਿੱਚ ਰਹਿਣ ਕਰਕੇ ਪਰਮਾਤਮਾ ਦੀ ਭਗਤੀ ਪਿਆਰੀ ਲੱਗਦੀ ਹੈ। ਪਰਮਾਤਮਾ ਦਾ ਨਾਮ-ਰਸ ਹੀ ਸੰਤਾਂ ਵਾਸਤੇ ਦੁਨੀਆਂ ਵਾਲੇ ਵਿਸ਼ੇ-ਭੋਗਾਂ ਦਾ ਸੁਆਦ ਹੁੰਦਾ ਹੈ। ਪਰਮਾਤਮਾ ਦੇ ਨਾਮ-ਰੰਗ ਨਾਲ ਰੰਗੀਜ ਕੇ ਉਹਨਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ। ਉਹ ਹਰਿ-ਨਾਮ ਦੇ ਰਸ ਵਿੱਚ ਮਸਤ ਰਹਿੰਦੇ ਹਨ -

*ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ॥*
*ਅੰਗ - ੮੧੩*

ਜਿਵੇਂ ਪਪੀਹਾ ਸਵ੍ਹਾਂਤੀ-ਨਛਤ੍ਰ ਦੀ ਵਰਖਾ ਦੀ ਬੂੰਦ ਦਾ ਪਾਨ ਕਰਕੇ ਅਤੇ ਮੱਛੀ ਪਾਣੀ ਵਿੱਚ ਰਹਿਕੇ ਹੀ ਜੀਉਂਦੀ ਹੈ ਤਿਵੇਂ ਹੀ ਸੰਤਜਨ ਅਕਾਲ ਪੁਰਖ ਦੇ ਨਾਮ-ਜਲ ਦੀ ਬੂੰਦ ਪੀਕੇ ਹੀ ਸੁਖੀ ਹੁੰਦੇ ਹਨ। ਅਸਲ ਸੰਤ ਉਹੀ ਹੈ ਜਿਹੜਾ ਅਕਾਲ ਪੁਰਖ ਨੂੰ ਭਾਉਂਦਾ ਹੈ। ਅਕਾਲ ਪੁਰਖ ਵਾਹਿਗੁਰੂ ਸੰਤਾਂ ਦੇ ਨਾਲ ਦਿਨ-ਰਾਤ ਵੱਸਦਾ ਹੈ। ਗੁਰਵਾਕ ਹੈ -

*ਸੋਈ ਸੰਤੁ ਜਿ ਭਾਵੈ ਰਾਮ॥*
*ਸੰਤ ਗੋਬਿੰਦ ਕੈ ਏਕੈ ਕਾਮ॥੧॥ਰਹਾਉ॥*
*ਸੰਤ ਕੈ ਊਪਰਿ ਦੇਇ ਪ੍ਰਭੁ ਹਾਥ॥*
*ਸੰਤ ਕੈ ਸੰਗਿ ਬਸੈ ਦਿਨੁ ਰਾਤਿ॥ ਅੰਗ - ੮੬੭*

ਗੁਰੂ ਅਰਜਨ ਦੇਵ ਜੀ ਸਹਸਕ੍ਰਿਤੀ ਵਿੱਚ ਪੂਰਨ ਪੁਰਖ ਜਾਂ ਸੰਤ ਦੇ ਛੇ ਲੱਛਣ ਦੱਸਦੇ ਹਨ ਜੋ ਸਦਾ ਪਰਮਾਤਮਾ ਦਾ ਨਾਮ ਜਪਦਾ ਹੈ ਅਤੇ ਪ੍ਰਭੂ ਵਿੱਚ ਹੀ ਸੁਰਤਿ ਜੋੜੀ ਰੱਖਦਾ ਹੈ। ਸੁਖ-ਦੁੱਖ ਨੂੰ ਇਕ ਸਮਾਨ ਸਮਝਦਾ ਹੋਇਆ ਨਿਰਵੈਰ ਤੇ ਨਿਰਮਲ ਜੀਵਨ ਬਤੀਤ ਕਰਦਾ ਹੈ। ਜੀਵਾਂ ਉਤੇ ਦਇਆ ਕਰਦਾ ਹੋਇਆ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜਾਂ ਵਿਕਾਰਾਂ ਤੋਂ ਬੱਚਕੇ ਰਹਿੰਦਾ ਹੈ। ਪਰਮਾਤਮਾ ਦੇ ਕੀਰਤਨ ਨੂੰ ਹੀ ਆਪਣਾ ਭੋਜਨ ਸਮਝਦਾ ਹੈ, ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਦੁਸ਼ਮਨ ਅਤੇ ਮਿਤ੍ਰ ਸਾਰਿਆਂ ਨਾਲ ਪ੍ਰੇਮ ਦੀ ਵਰਤੋਂ ਕਰਦਾ ਹੈ। ਇਕ ਪ੍ਰਭੂ ਨਾਲ ਪਿਆਰ ਕਰਦਾ ਹੋਇਆ, ਆਪਾ-ਭਾਵ ਤਿਆਗ ਕੇ ਸਾਰਿਆਂ ਦੇ ਚਰਨਾਂ ਦੀ ਧੂੜ ਬਣਕੇ ਰਹਿੰਦਾ ਹੈ। ਕਦੇ ਕਿਸੇ ਦੀ ਨਿੰਦਾ ਨਹੀਂ ਸੁਣਦਾ।

ਗੁਰੂ ਪਾਤਸ਼ਾਹ ਦਾ ਫੁਰਮਾਨ ਹੈ -

*ਮੰਤ੍ਰੰ ਰਾਮ ਰਾਮ ਨਾਮੰ, ਧ੍ਯਾਨੰ ਸਰਬਤ੍ਰ ਪੂਰਨਹ॥ ਗ੍ਯਾਨੰ ਸਮ ਦੁਖ ਸੁਖੰ, ਜੁਗਤਿ ਨਿਰਮਲ ਨਿਰਵੈਰਣਹ॥ ਦਯਾਲੰ ਸਰਬਤ੍ਰ ਜੀਆ, ਪੰਚ ਦੋਖ ਬਿਵਰਜਿਤਹ॥ ਭੋਜਨੰ ਗੋਪਾਲ ਕੀਰਤਨੰ, ਅਲਪ ਮਾਯਾ ਜਲ ਕਮਲ ਰਹਤਹ। ਉਪਦੇਸੰ ਸਮ ਮਿਤ੍ਰ ਸਤ੍ਰਹ, ਭਗਵੰਤ ਭਗਤਿ ਭਾਵਨੀ॥ ਪਰਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ॥ ਖਟ ਲਖ੍ਯਣ ਪੂਰਨੰ ਪੁਰਖਹ, ਨਾਨਕ ਨਾਮ ਸਾਧ ਸ੍ਵਜਨਹ॥*
*ਅੰਗ - ੧੩੫੭*

ਸੰਤ ਜਨ ਜਨਮ-ਮਰਣ ਦੇ ਗੇੜ ਵਿੱਚ ਨਹੀ ਆਉਂਦੇ। ਉਹ ਤਾਂ ਜਗਤ ਵਿੱਚ ਦੂਜਿਆਂ ਦੀ ਭਲਾਈ ਕਰਨ ਲਈ ਆਉਂਦੇ ਹਨ। ਉਹ ਆਤਮਿਕ ਜੀਵਨ ਦੀ ਦਾਤਿ ਦੇ ਕੇ ਪਰਮਾਤਮਾ ਦੀ ਭਗਤੀ ਵਿੱਚ ਜੋੜਦੇ ਹਨ। ਸੰਤ ਜਾਂ ਸਾਧੂ ਦੀ ਇਹ ਨਿਸ਼ਾਨੀ ਹੈ ਕਿ ਉਹਨਾਂ ਨੂੰ ਮਿਲਕੇ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਈਦਾ ਹੈ -

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥*
*ਅੰਗ - ੩੨੦*

ਸੰਤ ਪਰਮਾਤਮਾ ਦਾ ਰੂਪ ਹੁੰਦੇ ਹਨ -

*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਅੰਗ - ੨੭੨*

*ਰਵਿਦਾਸੁ ਭਣੈ, ਜੋ ਜਾਣੈ ਸੋ ਜਾਣੁ॥*
*ਸੰਤ ਅਨੰਤਹਿ ਅੰਤਰੁ ਨਾਹੀ॥ ਅੰਗ - ੪੮੬*

ਅਜਿਹੇ ਗੁਣਾਂ ਵਾਲੇ ਸੰਤ ਜਾਂ ਮਹਾਪੁਰਖਾਂ ਦੀ ਸੰਗਤਿ ਵਿੱਚ ਬੈਠਿਆਂ ਹੀ ਜੀਵਨ ਦਾ ਸਹੀ ਰਸਤਾ ਲੱਭਦਾ ਹੈ। ਪਰਮਾਤਮਾ ਹਰ ਵੇਲੇ ਹੀ ਸੰਗ ਜਾਪਦਾ ਹੈ। ਕਾਮ ਕ੍ਰੋਧ, ਲੋਭ ਆਦਿਕ ਪੰਜ ਵਿਕਾਰ ਕਾਬੂ ਵਿੱਚ ਆ ਜਾਂਦੇ ਹਨ -

*ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥*

*ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥੧॥*
*ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ॥*
*ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ॥੨॥*
*ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥*
*ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥੩॥*
*ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥*
*ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥ ਅੰਗ - ੨੦੫-੨੦੬*

ਸੰਤ ਜਨਾਂ ਦੀ ਸੰਗਤਿ ਵਿੱਚ ਮਨੁੱਖ ਦਾ ਮਨ ਮੰਦੇ ਪਾਸੇ ਨਹੀਂ ਦੌੜਦਾ, ਭਟਕਣਾ ਸਮਾਪਤ ਹੋ ਜਾਂਦੀ ਹੈ। ਉਹ ਗੁਰ-ਸ਼ਬਦ ਅਨੁਸਾਰ ਜੀਵਨ-ਘਾੜਤ ਘੜਦਾ ਹੈ। ਪ੍ਰਭੂ ਦੀ ਰਜ਼ਾ ਵਿੱਚ ਰਾਜੀ ਰਹਿੰਦਾ ਹੋਇਆ ਪਰਮਾਤਮਾ ਦੇ ਚਰਨਾਂ ਵਿੱਚ ਟਿਕਾਉ ਹਾਸਲ ਕਰ ਲੈਂਦਾ ਹੈ, ਵੈਰੀ ਮਿਤ੍ਰ ਸਮਾਨ ਦਿੱਸਣ ਲਗ ਪੈਂਦੇ ਹਨ ਕਿਉਂਕਿ ਉਸਦਾ ਆਪਣਾ ਹਿਰਦਾ ਨਿਰਮਲ ਹੋ ਜਾਂਦਾ ਹੈ, ਉਹ ਆਪਣੇ ਸਾਰੇ ਫਰਜਾਂ ਨੂੰ ਚੰਗੀ ਤਰ੍ਹਾਂ ਸਮਝ ਲੈਂਦਾ ਹੈ, ਦੁਨੀਆਂ ਦੀ ਕਿਰਤ ਕਾਰ ਕਰਦਾ ਹੋਇਆ ਵੀ ਮਾਇਆ ਵਲੋਂ ਨਿਰਲੇਪ ਰਹਿੰਦਾ ਹੈ ਅਤੇ ਮਨੁੱਖਾ ਜਨਮ ਦਾ ਫਲ ਪ੍ਰਾਪਤ ਕਰ ਲੈਂਦਾ ਹੈ -

*ਸੰਤਸੰਗਤਿ ਸਿਉ ਮੇਲੁ ਭਇਆ*
*ਹਰਿ ਹਰਿ ਨਾਮਿ ਸਮਾਏ ਰਾਮ॥*
*ਗੁਰ ਕੈ ਸਬਦਿ ਸਦ ਜੀਵਨ ਮੁਕਤ*
*ਭਏ ਹਰਿ ਕੈ ਨਾਮਿ ਲਿਵ ਲਾਏ ਰਾਮ॥*
*ਅੰਗ - ੭੭੧*

ਜਦੋਂ ਕੋਈ ਮਨੁੱਖ ਆਪਣਾ ਤਨ, ਮਨ, ਧਨ ਸੰਤ ਜਨਾਂ ਦੇ ਹਵਾਲੇ ਕਰ ਦੇਂਦਾ ਹੈ ਤਾਂ ਉਸਦੇ ਅੰਦਰ ਆਤਮਿਕ ਚਾਨਣ ਹੋ ਜਾਂਦਾ ਹੈ, ਉਹ ਪਰਮਾਤਮਾ ਦੇ ਪ੍ਰੇਮ ਰੰਗ ਵਿੱਚ ਰੰਗਿਆ ਜਾਂਦਾ ਹੈ -

*ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥*
*ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥੩॥*
*ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ॥*
*ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ॥ ਅੰਗ - ੬੧੪*

ਜਿਹੜਾ ਮਨ ਪਰਮਾਤਮਾ ਦੇ ਪ੍ਰੇਮ ਰੰਗ ਵਿੱਚ ਰੰਗਿਆ ਜਾਂਦਾ ਹੈ ਉਸ ਉਤੇ ਮਾਇਆ ਦਾ ਹੋਰ ਕੋਈ ਰੰਗ ਆਪਣਾ ਅਸਰ ਨਹੀਂ ਪਾ ਸਕਦਾ, ਉਹ ਮਾਨੋਂ ਗੂੜ੍ਹੇ ਲਾਲ ਰੰਗ ਵਾਲਾ ਹੋ ਜਾਂਦਾ ਹੈ। ਇਹ ਰੰਗ ਕਦੇ ਨਹੀਂ ਲਹਿੰਦਾ -

*ਹਰਿ ਰੰਗਿ ਰਾਤਾ ਸੋ ਮਨੁ ਸਾਚਾ॥*
*ਲਾਲ ਰੰਗ ਪੂਰਨ ਪੁਰਖੁ ਬਿਧਾਤਾ॥੧॥ਰਹਾਉ॥*
*ਸੰਤਹ ਸੰਗਿ ਬੈਸਿ ਗੁਨ ਗਾਇ॥*
*ਤਾ ਕਾ ਰੰਗੁ ਨ ਉਤਰੈ ਜਾਇ॥੨॥ ਅੰਗ - ੧੯੪*

ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ ਇਸ ਗੂੜੇ ਲਾਲ ਰੰਗ ਵਿੱਚ ਰੰਗੇ ਹੋਏ ਮਨੁੱਖ ਲਈ ਸਦਾ ਹੋਲੀ ਵਾਲੀ ਖੁਸ਼ੀ ਬਣੀ ਰਹਿੰਦੀ ਹੈ। ਉਸ ਨੂੰ ਕੋਈ, ਆਪਣਾ ਦੁਸ਼ਮਨ ਨਹੀਂ ਦਿਸਦਾ, ਕੋਈ ਵੈਰੀ ਨਹੀਂ ਜਾਪਦਾ, ਕੋਈ ਭੈੜਾ ਨਹੀਂ ਲਗਦਾ। ਉਹ ਹੋਰਨਾਂ ਨਾਲ ਈਰਖਾ ਕਰਨੀ ਭੁੱਲ ਜਾਂਦਾ ਹੈ -

*ਏਕਸੁ ਸਿਉ ਜਾ ਕਾ ਮਨੁ ਰਾਤਾ॥*
*ਵਿਸਰੀ ਤਿਸੈ ਪਰਾਈ ਤਾਤਾ॥ ਅੰਗ - ੧੮੯*

---

## *(ਪੰਨਾ 33 ਦੀ ਬਾਕੀ)*

ਦੀ ਕੁੰਜੀ ਧੁਰ ਦਰਗਾਹੋਂ ਕੇਵਲ ਗੁਰ ਨਾਨਕ ਸਾਹਿਬ ਨੂੰ ਬਖ਼ਸ਼ੀ ਹੋਈ ਹੈ।

ਇਹ ਗੁਰਮਤਿ ਦਾ ਅਟੱਲ ਨਿਯਮ ਹੈ ਕਿ ਸਤਿਗੁਰੂ, ਸੱਚਾ ਸਤਿਗੁਰੂ, ਕੇਵਲ ਗੁਰੂ ਨਾਨਕ ਸਾਹਿਬ ਹੀ ਹੈ। ਇਸ ਸੱਚੇ ਸਤਿਗੁਰੂ ਬਾਝੋਂ ਹੋਰ ਕੋਈ ਗੁਰੂ ਨਹੀਂ। ਯਥਾ -

*ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥੧੩॥ ਅੰਗ - ੪੫*

ਸਤਿਗੁਰ ਨਾਨਕ ਸਾਹਿਬ ਦੇ ਘਰ ਤੋਂ ਹੀ ਕੇਵਲ ਗੁਰਦੀਖਿਆ ਮਈ ਗੁਰ-ਮੰਤਰ ਮਿਲਦਾ ਹੈ। ਜਿਸ ਨੂੰ ਇਹ ਗੁਰ-ਮੰਤਰ ਪ੍ਰਾਪਤ ਨਹੀਂ, ਉਹ ਨਿਗੁਰਾ ਹੈ। ਤਾਂ ਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਇਕੋ ਗੁਰੂ ਗ੍ਰੰਥ ਸਾਹਿਬ ਹੀ ਸਚੇ ਗੁਰੂ ਹਨ। ਹੋਰ ਸਭ ਕੂੜਾਵੇ ਗੁਰੂ ਬਣੇ ਫਿਰਦੇ ਹਨ ਤੇ ਨਾਮ-ਹੀਣ ਨਕਟ-ਪੰਥੀਏ ਗੁਰੂ ਹਨ। ਜੇ ਕੋਈ ਸੱਚ ਗੁਰੂ ਹੈ ਤਾਂ ਸਿਰਫ਼ ਗੁਰੂ ਨਾਨਕ ਸਾਹਿਬ ਹੈ, ਜਿਨ੍ਹਾਂ ਨੂੰ ਧੁਰ ਦਰਗਾਹੋਂ ਗੁਰਿਆਈ ਦਾ ਸੱਚਾ ਪਦ ਪ੍ਰਾਪਤ ਹੋਇਆ ਅਤੇ ਇਸ ਗੁਰ-ਪ੍ਰਮਾਣ ਅਨੁਸਾਰ -

*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥*
*ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥*
*ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ॥*
*ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥੨॥੧੦॥*
*ਅੰਗ - ੬੪੬*

*(ਅਦ੍ਰਿਸ਼ਟ ਵਾਹਿਗੁਰੂ ਦੇ ਪਰਪੱਤ ਦਰਸ਼ਨ ਵਿਚੋਂ)*

## ਸਹਾਇਤਾ ਆਤਮ ਰੰਗ ਫਰਵਰੀ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਬੀਬੀ ਗੁਰਪ੍ਰੀਤ ਕੌਰ ਜੀ ਤੇ ਬਾਈ ਸਤਨਾਮ ਸਿੰਘ ਜੀ, ਚੰਡੀਗੜ੍ਹ | 5,000.00 |
| ◆ ਭਾਈ ਤੇਜਿੰਦਰ ਸਿੰਘ ਜੀ, ਫਗਵਾੜਾ | 5,000.00 |
| ◆ ਭਾਈ ਸਾਹਿਬ ਭਾਈ ਸਤਿੰਦਰ ਸਿੰਘ ਜੀ, ਰਾਜਪੁਰਾ, ਸ਼ੁਕਰਾਨੇ ਵਜੋਂ | 7,200.00 |
| ◆ ਗੁਪਤ ਸੇਵਾ, ਚੰਡੀਗੜ੍ਹ | 20,000.00 |
| ◆ ਮਿਸ ਪੂਜਾ ਜੀ, ਚੰਡੀਗੜ੍ਹ | 5,000.00 |
| ◆ ਬੀਬੀ ਹਰਵਿੰਦਰ ਕੌਰ ਜੀ, ਫਰੀਦਾਵਾਦ | 10,000.00 |
| ◆ ਗੁਪਤ ਸੇਵਾ, ਸ਼ਿਮਲਾ | 5,000.00 |
| **ਕੁਲ ਜੋੜ** | **67,200.00** |

### Statement of Income & Expenditure for the Month of Feb. 2023 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 13,200.00 |
| 3. Cost of envelops & printing | 14,000.00 |
| 4. Cost of Stickers | 4,000.00 |
| 5. Previous balance | 1,43,382.00 |
| **Total Expenditure upto 28.02.2023** | **2,06,582.00** |
| Donation | 67,200.00 |
| Membership | 3,000.00 |
| Sale of Books | - |
| **Total Income** | **70,200.00** |
| **Expenditure** | **2,06,582.00** |
| **Income** | **70,200.00** |
| **Difference** | **(-) 1,36,382.00** |

### ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਮਾਰਚ |
| ਪੂਰਨਮਾਸ਼ੀ | 7 ਮਾਰਚ |
| ਮੱਸਿਆ | 21 ਮਾਰਚ |
| ਪੰਚਮੀ | 26 ਮਾਰਚ |
| **ਗੁਰਪੁਰਬ** | |
| ਹੋਲਾ ਮਹੱਲਾ (ਸ੍ਰੀ ਅਨੰਦਪੁਰ ਸਾਹਿਬ) | 8 ਮਾਰਚ |
| ਗੁਰਗੱਦੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ | 19 ਮਾਰਚ |
| ਗੁਰਗੱਦੀ ਸ੍ਰੀ ਗੁਰੂ ਅਮਰਦਾਸ ਜੀ | 22 ਮਾਰਚ |
| ਜੋਤੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ | 25 ਮਾਰਚ |
| ਜੋਤੀ ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 26 ਮਾਰਚ |

### ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

# ਅਖੰਡ ਕੀਰਤਨ ਸਮਾਗਮ

ਮਿਤੀ 12 ਮਾਰਚ 2023 ਦਿਨ ਐਤਵਾਰ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਿਹਰ ਤਕ। ਇਹ ਸਮਾਗਮ ਪੰਥ ਦੀ ਸੋਨ ਚਿੜੀ, ਨਾਮ ਬਾਣੀ ਦੇ ਰਸੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੇ ਉਨ੍ਹਾਂ ਦੇ ਰੰਗਲੇ ਸੱਜਨਾਂ ਦੀ ਯਾਦ ਵਿੱਚ ਹਰ ਮਹੀਨੇ ਦੇ ਦੂਜੇ ਐਤਵਾਰ ਨੂੰ ਉਨ੍ਹਾਂ ਦੇ ਤਪ ਅਸਥਾਨ ਗੁਰਦੁਆਰਾ ਤਪੋਵਨ ਕੁਮਾਰਹੱਟੀ (ਜਿਲਾ ਸੋਲਨ, ਹਿਮਾਚਲ) ਵਿਖੇ ਸਮੂੰਹ ਸੰਗਤਾਂ ਦੇ ਸਹਯੋਗ ਨਾਲ ਹੁੰਦੇ ਹਨ। ਹਾਜਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

ਗੁਰਦੁਆਰਾ ਸਾਹਿਬ ਤਪੋਵਨ, ਭਾਈ ਸਾਹਿਬ ਭਾਈ ਰਣਧੀਰ ਸਿੰਘ ਕੁਮਾਰਹੱਟੀ








# ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ
# ਸਾਲਾਨਾ ਕੇਂਦਰੀ ਹੋਲਾ ਮੁਹੱਲਾ
# ਅਖੰਡ ਕੀਰਤਨ ਸਮਾਗਮ

**ਮਿਤੀ 05-03-2023 ਤੋਂ 08-03-2023 ਤੱਕ ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ**

| | |
|---|---|
| 5 ਮਾਰਚ 2023<br>ਦਿਨ ਐਤਵਾਰ | ਅੰਮ੍ਰਿਤ ਵੇਲਾ/ਨਿੱਤਨੇਮ ਅਤੇ ਕੀਰਤਨ ਸ੍ਰੀ ਆਸਾ ਦੀ ਵਾਰ ਸਵੇਰੇ 7.30 ਵਜੇ ਤੱਕ, ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ, ਸ਼ਥਾਨ ਕਲਗੀਧਰ ਕੀਰਤਨ ਦਰਬਾਰ, ਸ੍ਰੀ ਅਨੰਦਪੁਰ ਸਾਹਿਬ।<br>**ਸੋਦਰੁ ਉਪਰੰਤ ਅਖੰਡ ਕੀਰਤਨ ਸ਼ਾਮ 7.30 ਵਜੇ ਤੋਂ ਰਾਤ 12.00 ਵਜੇ ਤੱਕ, ਤੱਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ।** |
| 6 ਮਾਰਚ 2023<br>ਦਿਨ ਸੋਮਵਾਰ | ਕੀਰਤਨ ਸ੍ਰੀ ਆਸਾ ਦੀ ਵਾਰ ਸਵੇਰੇ 8.00 ਵਜੇ ਤੋਂ 1.00 ਵਜੇ ਤੱਕ, ਗੁ. ਸ੍ਰੀ ਸੀਸ ਗੰਜਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ।<br>**ਸੋਦਰੁ ਉਪਰੰਤ ਅਖੰਡ ਕੀਰਤਨ ਸ਼ਾਮ 7.00 ਵਜੇ ਤੋਂ ਰਾਤ 10.00 ਵਜੇ ਤੱਕ** ਕਲਗੀਧਰ ਕੀਰਤਨ ਦਰਬਾਰ,ਗੁ. ਕਿਲ੍ਹਾ ਲੋਹਗੜ੍ਹ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ। |
| 7 ਮਾਰਚ 2022<br>ਦਿਨ ਮੰਗਲਵਾਰ | ਭੋਗ ਸ੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ 5.00 ਵਜੇ, ਉਪਰੰਤ ਦਿਨ ਸੁਹੇਲਾ ਅਖੰਡ ਕੀਰਤਨ ਦੁਪਿਹਰ 2.00 ਵਜੇ ਤੱਕ, ਕਲਗੀਧਰ ਕੀਰਤਨ ਦਰਬਾਰ, ਗੁ. ਕਿਲ੍ਹਾ ਲੋਹਗੜ੍ਹ ਰੋਡ, ਸ੍ਰੀ ਅਨੰਦਪੁਰ ਸਾਹਿਬ ਸਿਖੇ।<br>**ਸ਼ਾਮ ਨੂੰ ਸੋਦਰ ਉਪਰੰਤ ਆਰੰਭ ਰੈਣ ਸਬਾਈ ਕੀਰਤਨ, ਕਲਗੀਧਰ ਕੀਰਤਨ ਦਰਬਾਰ, ਸ੍ਰੀ ਅਨੰਸਪੁਰ ਸਾਹਿਬ।** |
| 8 ਮਾਰਚ 2022<br>ਦਿਨ ਬੁੱਧਵਾਰ | ਸਮਾਪਤੀ ਰੈਣ ਸਬਾਈ ਕੀਰਤਨ, ਸਵੇਰੇ 5.00 ਵਜੇ |

# ਅੰਮ੍ਰਿਤ ਸੰਚਾਰ ਸਮਾਗਮ

**ਕਲਗੀਧਰ ਕੀਰਤਨ ਦਰਬਾਰ ਵਿਖੇ 7 ਮਾਰਚ 2023 ਸ਼ਾਮ 7.00 ਵਜੇ ਅਰੰਭ ਹੋਣਗੇ।**

ਨੋਟ : 5 ਸ਼ਾਮ ਨੂੰ ਤੱਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿੱਖੇ ਅਤੇ 7 ਮਾਰਚ ਦੇ ਦਿਨ ਅਤੇ ਰਾਤ ਦੇ ਕੀਰਤਨ ਸਮਾਗਮ www.akj.org ਤੇ ਸਿੱਧੇ ਪ੍ਰਸਾਰਣ ਕੀਤੇ ਜਾਣਗੇ।

ਬੇਨਤੀਆਂ – 1. ਤੱਖਤ ਸਾਹਿਬ ਤੇ ਕੀਰਤਨ ਸਮੇਂ ਵੱਧ ਤੋਂ ਵੱਧ ਸੰਗਤ ਹਾਜਰੀ ਭਰੇ। 2. ਵੱਧ ਤੋਂ ਵੱਧ ਸੰਗਤ ਅਖੰਡ ਪਾਠ ਸਾਹਿਬ ਸਰਵਣ ਕਰਨ ਦੀ ਖੇਚਲ ਕਰਨ ਜੀ। 3. ਅੰਮ੍ਰਿਤ ਵੇਲਾ 7 ਮਾਰਚ ਸਵੇਰੇ 12.00 ਵਜੇ ਤੋਂ ਸਵੇਰੇ 4.00 ਵਜੇ ਤੱਕ ਕਲਗੀਧਰ ਦਰਬਾਰ ਵਿਖੇ ਹੋਣਗੇ। 4. ਲੰਗਰ ਅਤੇ ਰਿਹਾਇਸ ਦਾ ਸਾਰਾ ਪ੍ਰਬੰਧ ਕਲਗੀਧਰ ਕੀਰਤਨ ਦਰਬਾਰ ਵਿਖੇ ਹੋਵੇਗਾ। 5. ਲੋੜ ਅਨੁਸਾਰ ਬਿਸਤਰੇ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨੀ ਜੀ। 6. ਆਨੰਦ–ਕਾਰਜ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰੋ ਜੀ।

**ਸੰਪਰਕ : 96469-10555, 96461-17772, 98767-08961,98156-30827, 98143-00245, 9988802622**

ਸੱਦਾ ਪੱਤਰ

### ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ

# ਮੋਗਾ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਅਤੇ ਅੰਮ੍ਰਿਤ ਸੰਚਾਰ



**20-03-2023**
ਸੋਮਵਾਰ, ਸ਼ਾਮ 6:00 ਤੋਂ 10:30
ਗੁਰਦੁਆਰਾ ਦਸ਼ਮੇਸ਼ ਨਗਰ ਨੇੜੇ ਮੇਨ, ਬੱਸ ਸਟੈਂਡ ਧਰਮਕੋਟ
98556-34815

**21-03-2023**
ਮੰਗਲਵਾਰ, ਸ਼ਾਮ 6:00 ਤੋਂ 10:30
ਗੁਰਦੁਆਰਾ ਬਾਬਾ ਕਿਸ਼ਨ ਸਿੰਘ ਜੀ ਨਾਨਕ ਨਗਰੀ ਮੋਗਾ

**22-03-2023**
ਬੁੱਧਵਾਰ, ਸ਼ਾਮ 6:00 ਤੋਂ 10:30
ਗੁਰਦੁਆਰਾ ਗੁਰੂ ਨਾਨਕ ਦੇਵ ਜੀ ਗੋਬਿੰਦਗੜ੍ਹ ਬਸਤੀ, ਮੋਗਾ

**23-03-2023**
ਵੀਰਵਾਰ, ਸ਼ਾਮ 6:00 ਤੋਂ 10:30
ਭਾਈ ਪ੍ਰੀਤਮ ਸਿੰਘ ਜੀ (ਜਾਗਰੀ ਜੂਸ ਵਾਲੇ) ਗਲੀ ਨੰ: 3, ਜੁਝਾਰ ਨਗਰ, ਮੋਗਾ

**24-03-2023**
ਸ਼ੁੱਕਰਵਾਰ, ਸ਼ਾਮ 6:00 ਤੋਂ 10:30
ਭਾ: ਇੰਦਰਜੀਤ ਸਿੰਘ (ਸਟਾਰ ਰੇਡੀਓ) ਵੱਲੋਂ
ਗੁ: ਕਲਗੀਧਰ, ਦੱਤ ਰੋਡ ਮੋਗਾ

**25-03-2023**
ਸ਼ਨੀਵਾਰ, ਸਵੇਰੇ 7:30 ਤੋਂ 1:30
ਗੁ: ਗੁਰੂ ਤੇਗ ਬਹਾਦਰ ਸਾਹਿਬ ਜੀ ਦੁਸਾਂਝ ਰੋਡ, ਮੋਗਾ

**ਅੰਮ੍ਰਿਤ ਸੰਚਾਰ: 25-03-2023 ਸ਼ਨੀਵਾਰ ਸਮਾਂ: 6 ਵਜੇ ਸ਼ਾਮ**

**ਰੈਣਸਬਾਈ ਕੀਰਤਨ:** ਪ੍ਰਾਰੰਭ 25 ਮਾਰਚ 2023 ਸ਼ਨੀਵਾਰ ਸ਼ਾਮੀ 6 ਵਜੇ
ਗੁ: ਗੁਰੂ ਤੇਗ ਬਹਾਦਰ ਸਾਹਿਬ ਜੀ ਦੁਸਾਂਝ ਰੋਡ, ਮੋਗਾ ਵਿਖੇ ਹੋਣਗੇ, ਸਮਾਪਤੀ 26 ਮਾਰਚ ਸਵੇਰੇ 6 ਵਜੇ

ਨੋਟ: 1) ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਪਹਿਲਾ ਪਹੁੰਚਣ ਜੀ
2) ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ।
3) ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ, ਗੁ: ਸਾਹਿਬ ਵਿੱਚ ਹੋਵੇਗਾ ਜੀ।
4) ਬਿਨਾਂ ਆਗਿਆ ਪ੍ਰਬੰਧ ਵਿੱਚ ਦਖਲ ਦੇਣ ਦੀ ਖੇਚਲ ਨਾ ਕੀਤੀ ਜਾਵੇ ਜੀ।

Live Telecast at
AKJ.ORG LIVE
ਰੈਣਸਬਾਈ ਕੀਰਤਨ ਦਾ ਸਿੱਧਾ ਪ੍ਰਸਾਰਣ akj.org ਤੇ ਕੀਤਾ ਜਾਵੇਗਾ ਜੀ

ਟਰਾਂਸਪੋਰਟ: 99886-62529, 99885-11287
ਪੁੱਛ ਗਿੱਛ ਲਈ: 95307-18001, 94171-76032, 94171-05838

ਸਹਿਯੋਗ: ਸਮੂਹ ਧਾਰਮਿਕ, ਸਮਾਜਿਕ ਜੱਥੇਬੰਦੀਆਂ ਅਤੇ ਗੁ: ਪ੍ਰਬੰਧਕ ਕਮੇਟੀਆਂ

**ਦਾਸਰੇ: ਅਖੰਡ ਕੀਰਤਨੀ ਜੱਥਾ ਮੋਗਾ**

## ਅਨਦ ਸੂਖ ਬਿਸ੍ਰਾਮ ਨਿਤ, ਹਰਿ ਕਾ ਕੀਰਤਨੁ ਗਾਇ ॥



















ਬਸੰਤ ਰੁਤ ਤੇ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 08.02.2023 ਤੋਂ ਲੈ ਕੇ 12.02.2023 ਸਵੇਰ ਤਕ ਅਖੰਡ ਕੀਰਤਨੀ ਜੱਥਾ, ਪਟਿਆਲਾ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨੇੜੇ ਫੁਆਰਾ ਚੌਂਕ, ਪਟਿਆਲਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Registered with the Registrar
of News Papers of India
Regd. No. R-70727/99

# ATAM RANG
## MARCH 2023

Postal Regd. No.
CHDG/0025/2021-23

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥
ਮਿਲਿ ਰਹੀਐ ਪ੍ਰਭ ਸਾਧ ਜਨਾ ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥












ਅਖੰਡ ਕੀਰਤਨੀ ਜੱਥਾ ਬਾਬਾ ਬਕਾਲਾ ਵੱਲੋਂ ਮਿਤੀ 10.12.2022 ਨੂੰ ਅੰਮ੍ਰਿਤ ਵੇਲਾ, ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ ਸੰਤ ਮਾਝਾ ਸਿੰਘ ਸਕੂਲ, ਬਾਬਾ ਬਕਾਲਾ ਵਿਖੇ ਕਰਵਾਏ ਗਏ। ਜਿਸ ਵਿੱਚ 36 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਲੀਤੀ ਤੇ ਗੁਰੂ ਵਾਲੇ ਬਣੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲਾ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Design & Print: Jai Offset Printers 0172-4616905